# Question Bank (For MR Students)

## ਵਾਤਾਵਰਣ ਸਿੱਖਿਆ ਸ਼੍ਰੇਣੀ-ਬਾਰ੍ਹਵੀਂ

## UNIT-1

**I. ਸਹੀ ਵਿਕਲਪ ਚੁਣੋ**

**1.** ਧਰਤੀ ਉੱਪਰ ਸਜੀਵਾਂ ਦੀਆਂ ਕੁੱਲ ਕਿੰਨੀਆਂ ਜਾਤੀਆਂ ਹਨ?

(ੳ) ਲਗਭਗ 1.8 ਮਿਲੀਅਨ (ਅ) ਲਗਭਗ 2.8 ਮਿਲੀਅਨ

(ੲ) 1.8 ਕਰੋੜ (ਸ) 2.8 ਕਰੋੜ

**2.** ਹੇਠ ਲਿਖਿਆਂ ਵਿੱਚੋਂ ਕਿਹੜਾ ਜਲੀ ਪਰਿਸਥਿਤਿਕ ਪ੍ਰਬੰਧ ਦਾ ਹਿੱਸਾ ਹੈ?

(ੳ) ਦਰਿਆ (ਅ) ਝੀਲਾਂ (ੲ) ਸਮੁੰਦਰ (ਸ) ਉਕਤ ਸਾਰੇ

**3.** ਮਲੇਰੀਆ ਬੁਖਾਰ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ ਦਾ ਕੀ ਨਾਮ ਹੈ।

(ੳ) ਪੈਨਸਲੀਨ (ਅ)ਕੁਨੀਨ

(ੲ) ਤੁਲਸੀ (ਸ) ਡਿਜੀਟੋਕਸਿਨ

**4.** ਹੇਠ ਲਿਖਿਆਂ ਵਿੱਚੋਂ ਕਿਹੜਾ ਮਨੁੱਖ ਲਈ ਭੋਜਨ ਦਾ ਸਰੋਤ ਨਹੀਂ ਹੈ?

(ੳ) ਮੱਛੀ (ਅ) ਮੱਝਾਂ (ੲ) ਘੋੜਾ (ਸ) ਸ਼ਹਿਦ ਦੀ ਮੱਖੀ

**5.** ਧਰਤੀ ਉੱਪਰ ਜੀਵਨ ਲਈ ਊਰਜਾ ਦਾ ਅੰਤਰਿਮ ਸਾਧਨ ਕੀ ਹੈ?

(ੳ) ਪੌਦੇ (ਅ) ਸੂਰਜ (ੲ) ਪਾਣੀ (ਸ) ਮਿੱਟੀ

**6.** ਹੇਠ ਲਿਖਿਆਂ ਵਿੱਚੋਂ ਕਿਹੜਾ ਸਰਬ ਆਹਾਰੀ ਨਹੀਂ ਹੈ?

(ੳ) ਕੁੱਤਾ (ਅ) ਕਾਂ (ੲ) ਮਨੁੱਖ (ਸ) ਗਾਂ

**7.** ਜੰਗਲੀ ਜਾਨਵਰਾਂ ਦੇ ਨਸ਼ਟ ਹੋਣ ਦੇ ਕੀ ਕਾਰਨ ਹਨ?

(ੳ) ਖੇਤੀਬਾੜੀ (ਅ) ਉਦਯੋਗੀਕਰਨ

(ੲ) ਨਵੀਆਂ ਇਮਾਰਤਾਂ ਦੀ ਉਸਾਰੀ (ਸ) ਉਕਤ ਸਾਰੇ

**8.** ਪ੍ਰੋਜੈਕਟ ਟਾਈਗਰ ਕਦੋਂ ਸ਼ੁਰੂ ਕੀਤਾ ਗਿਆ?

(ੳ) **1963** (ਅ) **1973** (ੲ) **1983** (ਸ) **1993**

**9.** ਹੇਠ ਲਿਖਿਆਂ ਵਿੱਚੋਂ ਕਿਹੜੀ ਜਾਤੀ ਅਲੋਪ ਹੋ ਚੁੱਕੀ ਹੈ।

(ੳ) ਸੁਨਹਿਰੀ ਬਾਂਦਰ (ਅ) ਡੋਡੋ (ੲ) ਲਾਲ ਪਾਂਡਾ (ਸ) ਚੀਤਾ

**10.** ਨੀਲੀ ਕ੍ਰਾਂਤੀ ਦਾ ਸਬੰਧ ਕਿਸ ਨਾਲ ਹੈ?

(ੳ) ਦੁਧਾਰੂ ਪਸ਼ੂਆਂ ਨੂੰ ਪਾਲਣਾ (ਅ) ਮੁਰਗੀ ਪਾਲਣਾ

(ੲ) ਮੱਛੀ ਪਾਲਣਾ (ਸ) ਸ਼ਹਿਦ ਦੀਆਂ ਮੱਖੀਆਂ ਦਾ ਪਾਲਣ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

**1)** ਜੈਵਿਕ ਵਿਭਿੰਨਤਾ ਪਦ ਵਾਲਟਰ ਜੀ ਰੋਜ਼ਨ ਨੇ ਦਿੱਤਾ।

**2)** ਜੈਵਿਕ ਵਿਭਿੰਨਤਾ ਮਨੁੱਖ ਲਈ ਖੁਸ਼ੀ ਅਤੇ ਮਨੋਰੰਜਨ ਦਾ ਸਰੋਤ ਨਹੀਂ ਹੈ।

**3)** ਫਲ ਅਤੇ ਸਬਜੀਆਂ ਖਣਿਜ ਅਤੇ ਵਿਟਾਮਿਨ ਦੇ ਸਰੋਤ ਹਨ।

**4)** ਤੁਲਸੀ ਪੁਰਾਤਨ ਸਮੇਂ ਤੋਂ ਹੀ ਭਾਰਤ ਵਿੱਚ ਬੁਖਾਰ ਅਤੇ ਖਰਾਬ ਗਲੇ ਦੇ ਉਪਚਾਰ ਲਈ ਵਰਤੀ ਜਾਂਦੀ ਹੈ।

**5)** ਚਪਟੇ ਕਿਰਮ ਅਤੇ ਫੀਤਾ ਕਿਰਮ ਸਾਡੀ ਪਾਚਣ ਪ੍ਰਣਾਲੀ ਵਿੱਚ ਅੰਦਰੂਨੀ ਪਰਜੀਵੀ ਦੇ ਤੌਰ ਤੇ ਰਹਿੰਦੇ ਹਨ।

**6)** ਜੈਵਿਕ ਵਿਭਿੰਨਤਾ ਦੇ ਪੱਖ ਤੋਂ ਭਾਰਤ ਦੁਨੀਆ ਦੇ **12** ਵੱਧ ਜੈਵਿਕ ਵਿਭਿੰਨਤਾ ਵਾਲੇ ਦੇਸ਼ਾਂ ਵਿੱਚ ਸ਼ਾਮਿਲ ਹੈ।

**7)** ਪੌਦੇ ਮਨੁੱਖ ਦੀਆਂ ਦਵਾਈਆਂ, ਲੱਕੜ ਅਤੇ ਭੋਜਨ ਸਬੰਧੀ ਲੋੜਾਂ ਨੂੰ ਪੂਰਾ ਕਰਦੇ ਹਨ।

**8)** ਪੌਦੇ ਕਾਰਬਨਡਾਈਆਕਸਾਇਡ ਦਾ ਵਧੀਆ ਸਰੋਤ ਹਨ।

**9)** ਮੁਰਾਹ ਪੰਜਾਬ ਵਿੱਚ ਪਾਈ ਜਾਣ ਵਾਲੀ ਮੱਝਾਂ ਦੀ ਦੇਸੀ ਕਿਸਮ ਦਾ ਨਾਂ ਹੈ।

**10)** ਹਾਥੀ ਦੰਦ, ਜਾਨਵਰਾਂ ਦੇ ਸਿੰਗ ਆਦਿ ਦੇ ਵਪਾਰ ਕਾਰਨ ਜੰਗਲੀ ਜਾਨਵਰਾਂ ਦੀ ਗਿਣਤੀ ਘੱਟ ਰਹੀ ਹੈ।

11) ਬੋਟੈਨੀਕਲ ਗਾਰਡਨ ਵਿੱਚ ਖਤਰੇ ਦੇ ਕਗਾਰ ਤੇ ਖੜ੍ਹੇ ਜਾਨਵਰਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ।

**III. ਖਾਲੀ ਸਥਾਨ ਭਰੋ:**

1) ਫਲੀਦਾਰ ਪੌਦੇ ਜਿਵੇਂ ਕਿ ਮਟਰ, ਫਲੀਆਂ, ਮਿੱਟੀ ਵਿੱਚ ............ ਦੀ ਕਮੀ ਨੂੰ ਪੂਰਾ ਕਰਦੇ ਹਨ।
2) ਧਰਤੀ ਦੀ ਲਗਭਗ ...........ਪ੍ਰਤੀਸ਼ਤ ਸਤ੍ਹਾ ਪਾਣੀ ਨਾਲ ਘਿਰੀ ਹੋਈ ਹੈ।
3) ਪੈਨਸਲੀਨ ਇੱਕ ਪ੍ਰਤੀਰੋਧੀ ਦਵਾਈ ਹੈ ਜੋ ਕਿ................ ਨਾਮ ਦੀ ਉੱਲੀ ਤੋਂ ਪ੍ਰਾਪਤ ਹੁੰਦੀ ਹੈ।
4) ਪੌਦੇ .................ਕਿਰਿਆ ਰਾਹੀਂ ਸੂਰਜ ਦੀ ਰੌਸ਼ਨੀ ਦੀ ਮਦਦ ਨਾਲ ਪਾਣੀ ਅਤੇ ਹਵਾ ਤੋਂ ਆਪਣਾ ਭੋਜਨ ਤਿਆਰ ਕਰਦੇ ਹਨ।
5) ................ਨਾਮ ਦਾ ਜੀਵਾਣੂ ਫਲੀਦਾਰ ਪੌਦਿਆਂ ਦੀ ਜੜ੍ਹਗੰਢਾਂ ਵਿੱਚ ਰਹਿ ਕੇ ਨਾਈਟਰੋਜਨ ਸਥਿਰੀਕਰਨ ਕਰਦਾ ਹੈ।
6) ਸ਼ਹਿਦ ਦੀਆਂ ਮੱਖੀਆਂ ਅਤੇ ਤਿੱਤਲੀਆਂ ਫੁੱਲਾਂ ਦੀ............. ਕਿਰਿਆ ਵਿੱਚ ਮਦਦ ਕਰਦੇ ਹਨ।
7) ਜੀਵ ਮੰਡਲ ਰਿਜ਼ਰਵ ਦੇ............ ਜੋਨ ਵਿੱਚ ਕਿਸੇ ਵੀ ਮਨੁੱਖੀ ਕਿਰਿਆ ਦੀ ਮਨਾਹੀ ਹੁੰਦੀ ਹੈ।
8) ਅਸਾਮ ਦਾ ਕਾਜ਼ੀ ਰੰਗਾ ਨੈਸ਼ਨਲ ਪਾਰਕ................ ਲਈ ਜਾਣਿਆ ਜਾਂਦਾ ਹੈ।
9) ਭਾਰਤ ਵਿੱਚ ਟਾਈਗਰ ਦੀ ਗਿਣਤੀ ਵਧਾਏ ਜਾਣ ਲਈ ਚੱਲ ਰਹੇ ਪ੍ਰੋਜੈਕਟ ਦਾ ਨਾਮ........... ਹੈ।
10) ਭਾਰਤ ਵਿੱਚ ਗਿਰਝਾਂ ਦੇ ਖਾਤਮੇ ਦਾ ਮੁੱਖ ਕਾਰਨ ................ ਦੀ ਲੋੜ ਤੋਂ ਵੱਧ ਵਰਤੋਂ ਹੈ।

**IV. ਸਹੀ ਮਿਲਾਨ ਕਰੋ:**

ਪਾਠ 1 ਜੈਵਿਕ ਵਿਭਿੰਨਤਾ (ਭਾਗ-1)

| | |
|---|---|
| (ੳ) ਡੋ-ਡੋ | (ੳ) ਕੀਟਰੋਧੀ ਫਸਲ |
| (ਅ) ਬੀ.ਟੀ. ਕਾਟਨ | (ਅ) ਦਿਲ ਦੀਆਂ ਬਿਮਾਰੀਆਂ |
| (ੲ) ਕੁਨੀਨ | (ੲ) ਲੁਪਤ ਹੋ ਚੁੱਕਿਆ ਪੰਛੀ |
| (ਸ) ਡਿਜੀਟੋਕਸਿਨ | (ਸ) ਨਾਈਟਰੋਜਨ ਸਥਿਰੀਕਰਨ |
| (ਹ) ਫਲੀਦਾਰ ਪੌਦੇ | (ਹ) ਮਲੇਰੀਆ ਬੁਖਾਰ |

ਪਾਠ-2 ਜੈਵਿਕ ਵਿਭਿੰਨਤਾ (ਭਾਗ-2)

| | |
|---|---|
| (ੳ) ਗਾਂ | (ੳ) ਮਾਸਾਹਾਰੀ |
| (ਅ) ਭੇੜੀਆ | (ਅ) ਸਰਬਆਹਾਰੀ |
| (ੲ) ਕਾਂ | (ੲ) ਪੌਦਿਆਂ ਦਾ ਬਾਹਰੀ ਪਰਜੀਵੀ |
| (ਸ) ਮਧੂ ਮੱਖੀ | (ਸ) ਸ਼ਾਕਾਹਾਰੀ |
| (ਹ) ਅਮਰਬੇਲ | (ਹ) ਹਾਂ ਪੱਖੀ ਅੰਤਰਕਿਰਿਆ |
| (ਕ) ਆਪਸਦਾਰੀ | (ਕ) ਨਾਂਹ ਪੱਖੀ ਅੰਤਰਕਿਰਿਆ |
| (ਖ) ਸਿਕਾਰਖੋਰਤਾ | (ਖ) ਪਰਾਗਣ ਵਿੱਚ ਸਹਾਈ ਕੀਟ |

ਪਾਠ 3 ਜੈਵਿਕ ਵਿਭਿੰਨਤਾ (ਭਾਗ-3)

| | |
|---|---|
| (ੳ) ਲਾਲ ਪਾਂਡਾ | (ੳ) ਅਸੁਰੱਖਿਅਤ ਜਾਤੀ |
| (ਅ) ਭਾਰਤੀ ਬਸਟਰਡ | (ਅ) ਦੁਰਲੱਭ ਜਾਤੀ |
| (ੲ) ਹੂਪਿੰਗ ਸਾਰਸ | (ੲ) ਅਲੋਪ ਹੋ ਚੁੱਕੀ ਜਾਤੀ |
| (ਸ) ਤਸਮੇਨੀਆ ਦਾ ਭੇੜੀਆ | (ਸ) ਪ੍ਰਦੂਸ਼ਨ ਕਾਰਨ ਖਾਤਮਾ |
| (ਹ) ਕਾਂਗਰਸ ਘਾਹ | (ਹ) ਖਤਰੇ ਦੇ ਕਗਾਰ ਤੇ |
| (ਕ) ਫੈਲਕਨ ਪੰਛੀ | (ਕ) ਵਿਦੇਸ਼ੀ ਜਾਤੀ |

## V. 4 **ਅੰਕਾਂ ਵਾਲੇ ਪ੍ਰਸ਼ਨ**

1. ਪ੍ਰਸ਼ਨ: ਕਿਸੇ ਚਾਰ ਦਵਾਈਆਂ ਦੇਣ ਵਾਲੇ ਪੌਦਿਆਂ ਦੇ ਨਾਮ ਅਤੇ ਲਾਭ ਦੱਸੋ?
2. ਪ੍ਰਸ਼ਨ: ਜੈਵਿਕ ਵਿਭਿੰਨਤਾ ਤੋ ਕੀ ਭਾਵ ਹੈ? ਜੈਵਿਕ ਵਿਭਿੰਨਤਾ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਤੇ ਚਰਚਾ ਕਰੋ?

**3.** **ਪ੍ਰਸ਼ਨ**: ਜੈਵਿਕ ਵਿਭਿੰਨਤਾ ਦੇ ਤਿੰਨ ਵੱਖ-ਵੱਖ ਪੱਧਰਾਂ ਦੀ ਵਿਆਖਿਆ ਕਰੋ ।

**4.** **ਪ੍ਰਸ਼ਨ**: **ਜੈਵਿਕ ਵਿੰਭਿਨਤਾ ਮਨੁੱਖ ਲਈ ਕਿਵੇਂ ਉਪਯੋਗੀ ਹੈ? ਵਿਆਖਿਆ ਕਰੋ।**

**5.** **ਪ੍ਰਸ਼ਨ**: ਮਨੁੱਖ ਜੀਵਨ ਲਈ ਪਾਣੀ ਕਿਵੇ ਸਹਾਈ ਹੈ? ਪਾਣੀ ਦੀ ਸਾਂਭ ਸੰਭਾਲ ਦੇ ਤਰੀਕਿਆਂ ਬਾਰੇ ਚਰਚਾ ਕਰੋ?

**6.** **ਪ੍ਰਸ਼ਨ**: **ਭੂਮੀ ਦੀ ਉਪਜਾਊ ਸ਼ਕਤੀ ਨੂੰ ਕਿਹੜੇ ਤਰੀਕਿਆਂ ਨਾਲ ਵਧਾਇਆ ਜਾ ਸਕਦਾ ਹੈ?**

**7.** **ਪ੍ਰਸ਼ਨ**: ਸਾਡੀਆਂ ਰੋਜਾਨਾ ਜਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਜੈਵਿਕ ਵਿਭਿੰਨਤਾ ਸਹਾਈ ਹੈ? ਜੈਵਿਕ ਵਿਭਿੰਨਤਾ ਦੀ ਆਰਥਿਕ ਮਹੱਤਤਾ ਤੇ ਚਰਚਾ ਕਰੋ।

**8.** **ਪ੍ਰਸ਼ਨ**: ਆਪਣੇ ਖੇਤਰ ਦੇ ਸਾਕਾਹਾਰੀ, ਮਾਸਾਹਾਰੀ ਅਤੇ ਸਰਬਆਹਾਰੀ ਜੰਤੂਆਂ ਦੀਆਂ ਦੋ ਦੋ ਉਦਾਹਰਨਾਂ ਦਿਉ।

**9.** **ਪ੍ਰਸ਼ਨ**: **"ਭਾਰਤ ਇੱਕ ਜੈਵਿਕ ਵਿੰਭਿੰਨਤਾ ਵਾਲਾ ਦੇਸ਼ ਹੈ" ਇਸ ਕਥਨ ਤੇ ਚਰਚਾ ਕਰੋ।**

**10.** **ਪ੍ਰਸ਼ਨ**: "ਜੰਤੂ ਭੋਜਨ ਆਵਾਸ ਅਤੇ ਪਰਜਣਨ ਲੋੜਾਂ ਲਈ ਮੁਕਾਬਲਾ ਕਰਦੇ ਹਨ" ਇਸ ਕਥਨ ਤੇ ਚਰਚਾ ਕਰੋ।

**11.** **ਪ੍ਰਸ਼ਨ**: **ਜੈਵਿਕ ਵਿੰਭਿੰਨਤਾ ਦੇ ਨਸ਼ਟ ਹੋਣ ਦੇ ਮੁੱਖ ਕਾਰਨ ਦੱਸੋ।**

**12.** **ਪ੍ਰਸ਼ਨ**: ਮਨੁੱਖਾਂ ਅਤੇ ਜੰਗਲੀ ਜਾਨਵਰਾਂ ਵਿਚਕਾਰ ਤਕਰਾਰ ਦੇ ਵੱਖ ਵੱਖ ਕਾਰਨਾਂ ਬਾਰੇ ਦੱਸੋ?

**13.** **ਪ੍ਰਸ਼ਨ**: ਹੇਠ ਲਿਖਿਆਂ ਦਾ ਪੂਰਾ ਨਾਮ ਲਿਖੋ: **IUCN**, **UNEP, WWF** ਅਤੇ **WRI**

**14.** **ਪ੍ਰਸ਼ਨ**: ਜੀਵ ਮੰਡਲ ਰਿਜਰਵ ਕੀ ਹੈ? ਜੀਵ ਮੰਡਲ ਰਿਜਰਵ ਦੇ ਵੱਖ ਵੱਖ ਖੇਤਰਾਂ ਦਾ ਵਰਣਨ ਕਰੋ ।

**15.** **ਪ੍ਰਸ਼ਨ**: ਹੇਠ ਲਿਖਿਆ ਤੇ ਸੰਖੇਪ ਨੋਟ ਲਿਖੋ ।

ੳ.) ਨੈਸਨਲ ਪਾਰਕ　　　　ਅ.) ਰੱਖਾਂ

## ਉੱਤਰ ਕੁੰਜੀ

### I. ਸਹੀ ਵਿਕਲਪ ਚੁਣੋ

**1.** (ੳ) ਲਗਭਗ **1.8** ਮਿਲੀਅਨ

**2.** (ਸ) ਉਕਤ ਸਾਰੇ

**3.** (ਅ)ਕੁਨੀਨ

**4.** (ੲ) ਘੋੜਾ

**5.** (ਅ) ਸੂਰਜ

**6.** (ਸ) ਗਾਂ

**7.** (ਸ) ਉਕਤ ਸਾਰੇ

**8.** (ਅ) **1973**

**9.** (ਅ) ਡੋ-ਡੋ

10. **(**ੲ) ਮੱਛੀ ਪਾਲਣਾ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

1. (✓)
2. (×)
3. (✓)
4. (✓)
5. (✓)
6. (✓)
7. (✓)
8. (×)
9. (✓)
10. (✓)
11. (×)

**III. ਖਾਲੀ ਸਥਾਨ ਭਰੋ:**

(**1**) ਨਾਈਟ੍ਰੋਜਨ (**2**) **70%** (**3**) ਪੈਨੀਸੀਲੀਅਮ (**4**) ਪ੍ਰਕਾਸ਼ ਸੰਸਲੇਸ਼ਨ

(5) ਰਾਈਜੋਬੀਅਮ (6) ਪਰਾਗਨ (7) ਕੋਰ (8) ਇੱਕ ਸਿੰਗ ਵਾਲੇ ਗੈਂਡੇ

(9) ਪ੍ਰੋਜੈਕਟ ਟਾਈਗਰ (10) ਕੀਟਨਾਸ਼ਕ

**IV. ਸਹੀ ਮਿਲਾਨ ਕਰੋ:**

**1.** ਉੱਤਰ:- ( ੳ - ੲ, ਅ -ੳ, ੲ -ਹ, ਸ-ਅ, ਹ-ਸ)

**2.** ਉੱਤਰ:- ( ੳ - ਸ, ਅ -ੳ, ੲ -ਅ, ਸ-ਖ, ਹ-ੲ, ਕ-ਹ, ਖ-ਕ )

**3.** ਉੱਤਰ:- ( ੳ - ਹ, ਅ -ੳ, ੲ -ਅ, ਸ-ੲ, ਹ -ਕ, ਕ-ਸ )

# Unit-II

**I. ਸਹੀ ਵਿਕਲਪ ਚੁਣੋ**

**1.** ਵਿਕਾਸਸ਼ੀਲ ਦੇਸ਼ ਕਿਹੜਾ ਹੁੰਦਾ ਹੈ?

(ੳ) ਜੋ ਤਕਨੀਕੀ ਤੌਰ 'ਤੇ ਵਿਕਸਤ ਹੈ। (ਅ) ਜਿਸ ਦਾ ਘਰੇਲੂ ਉਤਪਾਦ ਵਿਕਾਸ ਉੱਚਾ ਹੈ।

(ੲ) ਜਿਸਦਾ ਰਾਸ਼ਟਰੀ ਕੁੱਲ ਉਤਪਾਦ ਉੱਚਾ ਹੈ। (ਸ) ਜੋ ਵਿਕਾਸ ਦੀ ਪ੍ਰਾਪਤੀ ਲਈ ਯਤਨਸ਼ੀਲ ਹੈ।

**2.** ਸੀ.ਐਨ.ਜੀ. ਨਾਲ ਚਲੱਣ ਵਾਲੇ ਵਾਹਨ ਭਾਰਤ ਵਿੱਚ ਕਿੱਥੇ ਚੱਲਦੇ ਹਨ?

**(**ੳ) ਲੁਧਿਆਣਾ (ਅ) ਗੁਹਾਟੀ (ੲ) ਪਟਨਾ (ਸ) ਦਿੱਲੀ

**3.** ਵਾਤਾਵਰਣ ਸਬੰਧੀ ਪਹਿਲੀ ਕਾਨਫਰੰਸ ਕਿੱਥੇ ਅਤੇ ਕਦੋਂ ਹੋਈ?

**(**ੳ) ਸਟਾਕਹੋਮ, **1972** **(**ਅ) ਰਿਓ ਡੀ ਜੀਨੇਰੋ, **1993**

**(**ੲ) ਜਾਪਾਨ, **1995** **(**ਸ) ਭਾਰਤ, **1974**

**4.** ਸੰਸਾਰ ਵਾਤਾਵਰਣ ਦਿਵਸ ਕਦੋਂ ਮਨਾਇਆ ਜਾਂਦਾ ਹੈ?

**(**ੳ) **27** ਮਈ (ਅ) **24** ਅਪ੍ਰੈਲ (ੲ) **12** ਮਾਰਚ (ਸ) **05** ਜੂਨ

**5.** ਹੇਠ ਲਿਖਿਆਂ ਵਿੱਚੋਂ ਕਿਹੜੇ ਵਿਕਾਸ ਯੋਗ ਸ੍ਰੋਤ ਹਨ?

**(**ੳ) ਪਾਣੀ, ਹਵਾ **(**ਅ) ਖਣਿਜ ਅਤੇ ਸਮੁੰਦਰ

**(**ੲ) ਇਮਾਰਤਾਂ **(**ਸ) ਭੂਮੀ

**6.** ਭਾਰਤ ਦਾ ਈਕੋਮਾਰਕ ਚਿੰਨ੍ਹ ਕੀ ਹੈ?

**(**ੳ) ਕਾਗਜ਼ **(**ਅ) ਪੌਦਾ

**(**ੲ) ਕਪੜਾ **(**ਸ) ਮਿੱਟੀ ਦਾ ਘੜਾ

**7.** ਹੇਠ ਲਿਖਿਆਂ ਵਿੱਚੋਂ ਕਿਹੜਾ ਹਵਾ ਦੀ ਗੁਣਵੱਤਾ ਦਾ ਸੂਚਕ ਹੈ?

**(**ੳ) ਲਾਈਕੇਨ **(**ਅ) ਬੈਕਟੀਰੀਆ

**(**ੲ) ਪੌਦੇ **(**ਸ) ਜਾਨਵਰ

**8.** ਜੰਗਲੀ ਜੀਵਨ ਸੁਰੱਖਿਆ ਐਕਟ ਕਿਸ ਸਾਲ ਵਿੱਚ ਸ਼ੁਰੂ ਕੀਤਾ ਗਿਆ।

**(**ੳ) **1986** **(**ਅ) **1972** **(**ੲ) **1994** **(**ਸ) **1974**

**9.** ਅਵਾਜ਼ ਦੇ ਪੱਧਰ ਦੀ ਇਕਾਈ ਕੀ ਹੈ?

**(**ੳ) **cm** **(**ਅ) **dB** **(**ੲ) **GB** **(**ਸ) **Mm**

**10)** ਡੈਮ ਦੀ ਉਸਾਰੀ ਦਾ ਕੀ ਨੁਕਸਾਨ ਹੈ?

**(**ੳ) ਖੇਤਾਂ ਦੀ ਸਿੰਚਾਈ ਕੀਤੀ ਜਾਂਦੀ ਹੈ। **(**ਅ) ਬਿਜਲੀ ਪੈਦਾ ਕੀਤੀ ਜਾਂਦੀ ਹੈ।

**(**ੲ) ਵਾਟਰ ਪਾਰਕ ਬਨਾਏ ਜਾਂਦੇ ਹਨ। **(**ਸ) ਜੈਵਿਕ ਵਿਭਿੰਨਤਾ ਨਸ਼ਟ ਹੋ ਰਹੀ ਹੈ।

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

**1)** ਵਾਤਾਵਰਣ ਦੀ ਰੱਖਿਆ ਕਰਨਾ ਮਨੁੱਖ ਦੀ ਨੈਤਿਕ ਜ਼ਿੰਮੇਵਾਰੀ ਹੈ।

**2)** ਨਵਿਆਉਣਯੋਗ ਅਤੇ ਨਾ ਨਵਿਆਉਣਯੋਗ ਸੋਮੇ ਧਰਤੀ ਹੇਠਾਂ ਬਹੁਤ ਮਾਤਰਾ ਵਿੱਚ ਹਨ।

**3)** ਵਿਕਾਸ ਦੇ ਕਾਰਨ ਵਾਤਾਵਰਨ ਤੇਜ਼ੀ ਨਾਲ ਠੀਕ ਹੋ ਰਿਹਾ ਹੈ।

**4)** ਸਾਨੂੰ ਸਕੂਲ ਵਿੱਚ ਵਾਤਾਵਰਣ ਸੰਬੰਧੀ ਦਿਵਸ ਮਨਾਉਣੇ ਚਾਹੀਦੇ ਹਨ।

**5)** ਉਹ ਉਦਯੋਗ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਨਹੀਂ ਕਰਦੇ, ਉਹਨਾਂ ਨੂੰ ਹਰੇ ਉਦਯੋਗ ਕਹਿੰਦੇ ਹਨ।

**6)** ਕਾਈ ਇਕ ਜੰਤੂ ਸੂਚਕ ਹੈ।

**7)** ਵਾਤਾਵਰਣ ਪ੍ਰਬੰਧਨ ਦਾ ਮੁੱਖ ਉਦੇਸ਼ ਮਨੁੱਖੀ ਗਤੀਵਿਧੀਆਂ ਦੇ ਕਾਰਨ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੱਧ ਕਰਨਾ ਹੈ।

**8) ISO** ਲੋਗੋ ਇਕ ਪ੍ਰਮਾਣਕ ਸੂਚੀ ਹੈ।

**9)** ਵਾਤਾਵਰਣ ਪ੍ਰਬੰਧਨ ਦਾ ਸਬੰਧ ਸਿਰਫ ਵਾਤਾਵਰਣ ਨਾਲ ਹੁੰਦਾ ਹੈ।

**10)** ਕਈ ਬੈਕਟੀਰਿਆ ਤੇਲ, ਗੰਦਗੀ ਅਤੇ ਸਲਫਰ ਦੀ ਸਫਾਈ ਕਰਦੇ ਹਨ।

**III. ਖਾਲੀ ਸਥਾਨ ਭਰੋ**:

**1.** ਜੇਕਰ ਵਾਤਾਵਰਣ ਦਾ ਢੁੱਕਵਾਂ ਪ੍ਰਬੰਧਨ ਕੀਤਾ ਜਾਵੇ ਤਾਂ ਪ੍ਰਦੂਸ਼ਣ ............. ਕੀਤਾ ਜਾ ਸਕਦਾ ਹੈ। (ਘੱਟ/ਵੱਧ)

**2.** ਵਿਕਾਸ ਤੋਂ ਭਾਵ............. ਹੈ। (ਅੱਗੇ ਵੱਧਣਾ/ਪਿੱਛੇ ਹਟਣਾ)

**3.** ਕੁਦਰਤੀ ਸਾਧਨ ਜਿਵੇਂ ਖਣਿਜ, ਪਥਰਾਟ ਬਾਲਣ ਆਦਿ........... ਹਨ। (ਸੀਮਤ/ਅਸੀਮਤ)

**4.** **................**ਹਵਾ ਦੀ ਗੁਣਵੱਤਾ ਦਾ ਸੂਚਕ ਹੈ। (ਲਾਈਕਨ/ਉਲੀ)

**5.** ਭੋਪਾਲ ਗੈਸ ਦੁਖਾਂਤ ਸਾਲ ................ ਵਿੱਚ ਵਾਪਰੀ। **(1994/1984)**

**6.** ਸਕੂਲਾਂ ਵਿੱਚ ਵਾਤਾਵਰਣ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ.............. ਬਣਾਏ ਜਾਂਦੇ ਹਨ। (ਈਕੋ ਕਲੱਬ /ਲੀਗਲ ਕਲੱਬ)

**7.** ਜਿੱਥੇ ਬਨਸਪਤੀ ਦੀ ਘਾਟ ਹੋਵੇ, ਉਹ ਜ਼ਮੀਨ ................ਹੁੰਦੀ ਹੈ। (ਬੰਜਰ/ਉਪਜਾਊ)

**8.** ਦੁੱਧ ਉਤਪਾਦਨ ਨੂੰ ਵਧਾਉਣ ਲਈ ਮੱਝਾਂ ਦੇ ਲਗਾਏ ਜਾਣ ਵਾਲੇ ਡਿਕਲੋਫੈਨਿਕ ਨਾਂ ਦਾ ਟੀਕਾ ............. ਦੀ ਗਿਣਤੀ ਵਿੱਚ ਆਈ ਕਮੀ ਲਈ ਜ਼ਿੰਮੇਵਾਰ ਹੈ। (ਚੀਤਾ/ਗਿਰਝਾਂ)

**9.** ਡੈਮ ਦੀ ਉਸਾਰੀ ਨਾਲ................ ਨਸ਼ਟ ਹੋ ਰਹੀ ਹੈ। (ਜੈਵਿਕ ਵਿਭਿੰਨਤਾ/ਬਿਜਲੀ)

**10.** **..............**ਨਾਲ ਪੱਧਰ ਤੇ ਮਿੱਟੀ, ਪਾਣੀ, ਭੋਜਨ ਅਤੇ ਸਿਹਤ ਦੀ ਬਰਬਾਦੀ ਹੁੰਦੀ ਹੈ। (ਜੈਵਿਕ ਖਾਦ /ਬਨਾਉਟੀ ਖਾਦ)

## IV. ਸਹੀ ਮਿਲਾਨ ਕਰੋ:

**1.**

| | |
|---|---|
| (ੳ) ਨੈਨੋ-ਟਕਨਾਲੋਜੀ | (ੳ) ਸੀ ਐਨ.ਜੀ. |
| (ਅ) ਵਿਕਾਸ | (ਅ) ਬਹੁਤ ਛੋਟੀ ਸੂਖਮ ਟਕਨਾਲੋਜੀ |
| (ੲ) ਕੁਦਰਤੀ ਗੈਸ | (ੲ) ਅੱਗੇ ਵਧਣਾ |

**2.**

| | |
|---|---|
| (ੳ) ਵਾਤਾਵਰਣੀ ਪ੍ਰਬੰਧਣ ਲਈ ਪਹੁੰਚ | (ੳ) ਲਾਈਕੇਨ |
| (ਅ) ਪੌਦਾ ਸੂਚਕ | (ਅ) ਮਿੱਟੀ ਦਾ ਘੜਾ |
| (ੲ) ਭਾਰਤ ਦਾ ਈਕੋਮਾਰਕ | (ੲ) ਪ੍ਰਦੂਸ਼ਣ ਕੰਟਰੋਲ |

## V. 3 ਅੰਕਾਂ ਵਾਲੇ ਪ੍ਰਸ਼ਨ

1) ਵਾਤਾਵਰਣ ਅਤੇ ਵਿਕਾਸ ਵਿੱਚ ਕੀ ਸੰਬੰਧ ਹੈ?
2) ਧਰਤੀ ਮਾਤਾ ਦੀ ਇੱਜਤ ਲਈ ਤੁਸੀ ਕਿਹੜੇ ਸੁਹਜ ਅਪਣਾਉਗੇ
3) ਵਾਤਾਵਰਣ ਦਾ ਪ੍ਰਬੰਧਨ ਕਿਉ ਜਰੂਰੀ ਹੈ?
4) ਸਹਿਣਯੋਗ ਸਮੱਰਥਾ ਤੋ ਤੁਸੀ ਕੀ ਸਮਝਦੇ ਹੋ?
5) ਵਾਤਾਵਰਣ ਦੇ ਪ੍ਰਬੰਧਨ ਲਈ ਤਕਨੀਕਾਂ ਕਿਵੇ ਸਹਾਈ ਹੋ ਸਕਦੀਆਂ ਹਨ ।
6) ਵਿਕਾਸ ਦਾ ਅੱਜ ਦਾ ਮਾਡਲ, ਵਾਤਾਵਰਣ ਨੂੰ ਤਬਾਹ ਕਰ ਦੇਵੇਗਾ । ਵਿਸਤਾਰ ਸਹਿਤ ਲਿਖੋ ।
7) ਵਾਤਾਵਰਨ ਸੰਬੰਧੀ ਸਮਸਿਆਵਾਂ ਦੇ ਵਧਣ ਦੇ ਕੀ ਕਾਰਨ ਹਨ ।
8) ਵਾਤਾਵਰਨ ਪ੍ਰਬੰਧਨ ਲਈ ਕਾਨੂੰਨ ਦੀ ਕੀ ਜਰੂਰਤ ਹੈ?
9) ਸਾਡੇ ਸੰਵਿਧਾਨ ਅਨੁਸਾਰ ਨਾਗਰਿਕਾਂ ਦਾ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਕੀ ਜਿੰਮੇਵਾਰੀ ਹੈ ।
10) ਵਾਤਾਵਰਣੀ ਮਸਲਿਆਂ ਨਾਲ ਸਬੰਧਤ ਕੋਈ ਚਾਰ ਏਜੰਸੀਆ ਦਸੋ ।

11) ਨੈਸ਼ਨਲ ਐਨਵਾਇਰਮੈਂਟ ਪਾਲਿਸੀ (NEP) ਕੀ ਹੈ?
12) ਐਨਵਾਇਰਮੈਂਟ ਐਕਟ ਦਾ ਮੁੱਖ ਮੰਤਵ ਕੀ ਹੈ?
13) ਈਕੋਮਾਰਕ ਤੋਂ ਕੀ ਭਾਵ ਹੈ?
14) ਵਾਤਾਵਰਣ ਮਿਆਰਾਂ ਤੋਂ ਕੀ ਭਾਵ ਹੈ?
15) ਵਾਤਾਵਰਣ ਪ੍ਰਬੰਧਣ ਪ੍ਰਣਾਲੀ ਤੋਂ ਕੀ ਭਾਵ ਹੈ?
16) ਵਾਤਾਵਰਣੀ ਸੂਚਕ ਤੋਂ ਕੀ ਭਾਵ ਹੈ?
17) ਵਾਤਾਵਰਣ ਸਿੱਖਿਆ ਰਾਹੀ ਵਾਤਾਵਰਣ ਪ੍ਰਤੀ ਜਾਗਰੂਕਤਾ ਕਿਵੇ ਪੈਦਾ ਕੀਤੀ ਜਾ ਸਕਦੀ ਹੈ ।

## ਉੱਤਰ ਕੁੰਜੀ

**I. ਸਹੀ ਵਿਕਲਪ ਚੁਣੋ**

**1.** (ਸ) ਵਿਕਾਸ ਦੀ ਪ੍ਰਾਪਤੀ ਲਈ ਯਤਨਸ਼ੀਲ

**2.** (ਸ) ਦਿੱਲੀ

**3.** (ੳ) ਸਟਾਕਹੋਮ, **1972**

**4.** (ਸ) **05** ਜੂਨ

**5.** (ਅ) ਖਣਿਜ ਅਤੇ ਸਮੁੰਦਰ

**6.** (ਸ) ਮਿੱਟੀ ਦਾ ਘੜਾ

**7.** (ੳ) ਲਾਈਕੇਨ

**8.** (ਅ) **1972**

**9.** (ਅ) **dB**

**10.** (ਸ) ਜੈਵਿਕ ਵਿਭਿੰਨਤਾ ਨਸ਼ਟ ਹੋ ਰਹੀ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

| | |
|---|---|
| **1.** ✓ | **6.** × |
| **2.** × | **7.** × |
| **3.** × | **8.** ✓ |
| **4.** ✓ | **9.** × |
| **5.** ✓ | **10.** ✓ |

**III. ਖਾਲੀ ਸਥਾਨ ਭਰੋ**: **(1)** ਘੱਟ **(2)** ਅੱਗੇ ਵੱਧਣਾ **(3)** ਸੀਮਤ **(4)** ਲਾਈਕੇਨ

**(5) 1984** **(6)** ਈਕੋ ਕਲੱਬ **(7)** ਬੰਜਰ **(8)** ਗਿਰਝਾਂ

**(9)** ਜੈਵਿਕ ਵਿਭਿੰਨਤਾ **(10)** ਬਨਾਉਟੀ ਖਾਦ

**IV. ਸਹੀ ਮਿਲਾਨ ਕਰੋ:**

1. ਉੱਤਰ:- ( ੳ - ਅ, ਅ -ੲ, ੲ -ੳ )
2. ਉੱਤਰ:- ( ੳ - ੲ, ਅ -ੳ, ੲ -ਅ )

## Unit-III

**I. ਸਹੀ ਵਿਕਲਪ ਚੁਣੋ**

ਪ੍ਰਸ਼ਨ (**1**) **GNP** ਦਾ ਪੂਰਾ ਨਾਂ:-

**(**ੳ) **Gross Net Product** (ਅ) **Gross New Product**

**(**ੲ) **Gross National Product** **(**ਸ) **Good New Places**

ਪ੍ਰਸਨ (**2**) ਗਰੀਨ ਹਾਊਸ ਪ੍ਰਭਾਵ ਗੈਸਾਂ ਹਨ?

**(**ੳ) ਕਾਰਬਨ ਡਾਈਆਕਸਾਈਡ **(**ਅ)ਕਾਰਬਨ ਮੋਨੋਆਕਸਾਈਡ

**(**ੲ) ਮੀਥੇਨ **(**ਸ) ਉਪਰੋਕਤ ਸਾਰੀਆਂ

ਪ੍ਰਸਨ (**3**) ਨਾ-ਨਵਿਆਉਣਯੋਗ ਸ੍ਰੋਤ ਹੈ?

**(**ੳ) ਪਾਣੀ **(**ਅ) ਜੰਗਲ **(**ੲ) ਕੋਲਾ **(**ਸ) ਸੂਰਜੀ ਰੌਸ਼ਨੀ

ਪ੍ਰਸ਼ਨ (**4**) ਬਾਇਓਗੈਸ ਵਿੱਚ ਕਿਹੜੀ ਗੈਸ ਮੁੱਖ ਹੁੰਦੀ ਹੈ?

**(**ੳ) ਮੀਥੇਨ (ਅ) ਬਿਊਟੇਨ

**(**ੲ) ਈਥੇਨ (ਸ) ਪੈਨਟੇਨ

ਪ੍ਰਸ਼ਨ (**5**) ਇਸ ਨਾਲ ਚੱਲਣ ਵਾਲੇ ਵਾਹਨ ਘੱਟ ਪ੍ਰਦੂਸ਼ਣ ਫੈਲਾਉਂਦੇ ਹਨ

**(**ੳ) ਪੈਟ੍ਰੋਲ (ਅ) ਸੰਪੀੜਤ ਕੁਦਰਤੀ ਗੈਸ

(ੲ) ਡੀਜ਼ਲ (ਸ) ਮਿੱਟੀ ਦਾ ਤੇਲ

ਪ੍ਰਸ਼ਨ (**6**) ਕਿਹੜੇ ਪਦਾਰਥ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਂਦੇ ਹਨ?

(ੳ) ਕਾਰਬਨਮੋਨੋਆਕਸਾਈਡ (ਅ) ਕਲੋਰੋਫਲੋਰੋ ਕਾਰਬਨ

(ੲ) ਮੀਥੇਨ (ਸ) ਇਹਨਾਂ ਵਿੱਚੋਂ ਕੋਈ ਨਹੀਂ।

ਪ੍ਰਸ਼ਨ (**7**) ਚਿਪਕੋ ਅੰਦੋਲਨ ਕਦੋਂ ਸ਼ੁਰੂ ਹੋਇਆ ਸੀ?

(ੳ) **1630** (ਅ) **1830** (ੲ) **1730** (ਸ) **1930**

ਪ੍ਰਸਨ (**8**) **M.C. Mehta** ਨੇ ਕਿਸ ਇਮਾਰਤ ਨੂੰ ਬਚਾਉਣ ਲਈ ਭਾਰਤ ਸਰਕਾਰ ਖਿਲਾਫ ਮੁਕੱਦਮਾ ਕੀਤਾ?

(ੳ) ਲਾਲ ਕਿਲ੍ਹਾ (ਅ) ਤਾਜ ਮਹੱਲ

(ੲ) ਕੁਤੁਬ ਮੀਨਾਰ (ਸ) ਹਵਾ ਮਹੱਲ

ਪ੍ਰਸ਼ਨ (**9**) ਕਿਹੜੇ ਨਸ਼ੀਲੇ ਪਦਾਰਥ ਦਿਲ ਤੇ ਮਾੜਾ ਪ੍ਰਭਾਵ ਪਾਉਂਦੇ ਹਨ?

(ੳ) ਅਫੀਮ (ਅ) ਕੋਕੇਨ (ੲ) ਤੰਬਾਕੂ (ਸ) ਉਪਰੋਕਤ ਸਾਰੇ

ਪ੍ਰਸਨ (**10**) ਝੋਨੇ ਦੀ ਪਰਾਲੀ ਦੀ ਵਰਤੋਂ ਕਿਸ ਗੈਸ ਦੀ ਤਿਆਰੀ ਵਿੱਚ ਕੀਤੀ ਜਾਂਦੀ ਹੈ।

(ੳ) ਬਿਊਟੇਨ (ਅ) ਐਲਕੇਨ (ੲ) ਬਾਇਓਗੈਸ (ਸ) ਸਲਫਰ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

**1)** ਧਾਤਾਂ ਤੇ ਖਣਿਜ ਨਾ-ਨਵਿਆਉਣਯੋਗ ਸਾਧਨ ਹਨ।

**2)** $CO_2$ ਗ੍ਰੀਨ ਹਾਊਸ ਗੈਸ ਹੈ।

**3)** ਬਾਇਓ ਡੀਜ਼ਲ ਪਥਰਾਟ ਈਂਧਣ ਹਨ।

**4)** **CFL** ਦਾ ਪੂਰਾ ਨਾਂ ਕਲੋਰੋ ਫਲੋਰੋ ਲਾਈਟ ਹੈ।

**5)** ਮਨੁੱਖੀ ਕਿਰਿਆਵਾਂ ਕਾਰਨ $CO_2$ ਦੀ ਮਾਤਰਾ ਘੱਟਦੀ ਹੈ।

**6)** ਟਿਕਾਊ ਵਿਕਾਸ ਲਈ ਵਿਸ਼ਵ ਸਮਿੱਟ **2002** ਵਿੱਚ ਬ੍ਰਾਜ਼ੀਲ ਵਿੱਚ ਹੋਇਆ ਸੀ।

**7)** ਝੋਨੇ ਦੀ ਨਾੜ ਵਿੱਚ ਲੈੱਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

**8)** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪਟਿਆਲਾ ਵਿੱਚ ਸਥਿਤ ਹੈ।

**9)** ਗਾਂਜਾ, ਭੰਗ, ਚਰਸ ਅਫੀਮ ਤੋਂ ਬਣੇ ਨਸ਼ੀਲੇ ਪਦਾਰਥ ਹਨ।

**10)** ਅਲਕੋਹਲ ਤਾਲਮੇਲ ਅਤੇ ਸੋਚ ਵਿਚਾਰ ਕਰਨ ਦੀਆਂ ਯੋਗਤਾਵਾਂ ਨੂੰ ਤੇਜ਼ ਕਰਦੀ ਹੈ।

**III. ਖਾਲੀ ਸਥਾਨ ਭਰੋ:**

**(1)** ਟਿਕਾਊ ਵਿਕਾਸ................ ਦੇ ਸਿਧਾਂਤ ਦੀ ਮਹੱਤਤਾ ਨੂੰ ਦਰਸਾਉਂਦਾ ਹੈ। (**3 E/3 R)**

**(2)** ਮਨੁੱਖ ਦੀਆਂ ਮੁਢਲੀਆਂ ਲੋੜਾਂ, ਭੋਜਨ, ਪਾਣੀ, ਆਵਾਸ, ਕੱਪੜਾ ਅਤੇ...........ਹਨ।

**(**ਸਮਾਜਿਕ ਮਿਲਵਰਤਨ/ਸਭਿਆਚਾਰਕ ਮਿਲਵਰਤਨ)

**(3)** ਭਾਰਤ ਦੀ ਜਨਸੰਖਿਆ ...............ਵਿੱਚ **1027** ਮਿਲੀਅਨ ਸੀ। (**2010 / 2004)**

**(4)** ਡੈਮਾਂ ਦੀ ਉਸਾਰੀ ਨਾਲ ............ ਨਸ਼ਟ ਹੋ ਜਾਂਦੇ ਹਨ। (ਜੰਗਲ/ਉਦਯੋਗ)

**(5)** ਉਹ ਵਿਧੀ ਜਿਸ ਰਾਹੀਂ ਅਸੀਂ ਵਸਤੂਆਂ ਦੀ ਖਪਤ ਕਰਦੇ ਹਾਂ, ਉਸ ਨੂੰ............. ਕਹਿੰਦੇ ਹਾਂ।

**(**ਖਪਤ ਦਾ ਮਾਪ/ ਖਪਤ ਦੀ ਬਣਤਰ)

**(6)** ਅਰਥ ਸਮਿੱਟ ਨੂੰ ...............ਕਹਿੰਦੇ ਹਨ। (ਏਜੰਡਾ-**21/** ਏਜੰਡਾ-**31)**

**(7) CNG** ਦਾ ਪੂਰਾ ਨਾਂ.............. ਹੈ। **(**ਸੰਪੀੜਤ ਕੁਦਰਤ ਗੈਸ /ਸੰਪੀੜਤ ਕੁਦਰਤੀ ਗੈਸ )

**(8)** ਕੋਲਾ ਅਤੇ ਪੈਟਰੋਲੀਅਮ ............ਬਾਲਣ ਹਨ। ( ਪੱਥਰ/ਪਥਰਾਟ)

**(9)** ਓਜ਼ੋਨ ਪਰਤ ਨੂੰ ਬਚਾਉਣ ਲਈ ਦੇਸ਼ਾ ਵਿੱਚਕਾਰ ............. ਸਮਝੋਤਾ ਹੋਇਆ।

**(** ਬ੍ਰਾਜੀਲ ਪ੍ਰੋਟੋਕਾਲ/ ਕਿਓਟੋ ਪ੍ਰੋਟੋਕਾਲ)

**(10)** ਹਰਾ ਗ੍ਰਹਿ ਪ੍ਰਭਾਵ ਗੈਸਾਂ ਨੂੰ ਘੱਟ ਕਰਨ ਲਈ..................... ਅੰਤਰਰਾਸ਼ਟਰੀ ਸਮਝੌਤਾ ਕੀਤਾ ਗਿਆ। (ਮਾਂਨਟ੍ਰੀਅਲ ਪ੍ਰੋਟੋਕਾਲ/ਕਿਓਟੋ ਪ੍ਰੋਟੋਕਾਲ)

**IV. ਸਹੀ ਮਿਲਾਨ ਕਰੋ:**

| | |
|---|---|
| **1) (**ੳ) ਤੰਬਾਕੂ | (ੳ) ਯਾਦਦਾਸ਼ਤ ਉੱਪਰ ਬੁਰਾ ਅਸਰ |
| **(**ਅ) ਕੋਕੇਨ | (ਅ) ਜਿਗਰ ਦਾ ਨੁਕਸਾਨ |
| **(**ੲ) ਐਲਕੋਹਲ | (ੲ) ਮੂੰਹ ਦਾ ਕੈਂਸਰ |
| **(**ਸ) ਚਰਸ | (ਸ) ਦਿਲ ਦਾ ਫੇਲ੍ਹ ਹੋਣਾ |

| | |
|---|---|
| **2) (**ੳ) ਬਾਇਓਗੈਸ | (ੳ) ਪਰਾਲੀ ਪ੍ਰਬੰਧਨ ਮਸ਼ੀਨ |
| **(**ਅ) ਝੋਨੇ ਦੀ ਪਰਾਲੀ | (ਅ) ਮੀਥੇਨ |
| **(**ੲ) ਰਿਪਰ | (ੲ) ਸੋਲਨ |
| **(**ਸ) ਨੈਸ਼ਨਲ ਰਿਸਰਚ ਸੈਂਟਰ ਫਾਰ ਮਸ਼ਰੂਮ | (ਸ) ਸਿਲੀਕਾ |

| | |
|---|---|
| **3) (**ੳ) ਵਿਸ਼ਵ ਸਮਿੱਟ | (ੳ) **1987** |
| **(**ਅ) ਬਰਟਲੈਂਡ ਕਮਿਸ਼ਰ ਰਿਪੋਰਟ | (ਅ) **2002** |
| **(**ੲ) ਕਿਓਟੋ ਪ੍ਰੋਟੋਕਾਲ | (ੲ) **1990** |
| **(**ਸ) ਸਸਟੇਨੇਬਲ ਡਿਵੈਲਪਮੈਂਟ ਨੈੱਟਵਰਕ ਪ੍ਰੋਗਰਾਮ | (ਸ) **1997** |

| | |
|---|---|
| **4) (**ੳ) ਐਮ.ਸੀ.ਮੇਹਤਾ | (ੳ) ਮੇਧਾ ਪਾਟੇਕਰ |
| **(**ਅ) ਨਰਮਦਾ ਪ੍ਰੋਜੈਕਟਾ | (ਅ) ਰਾਲੇਗਨ ਸਿੱਧੀ |
| **(**ੲ) ਚਿਪਕੋ-ਅੰਦੋਲਨ | (ੲ)ਤਾਜ ਮਹੱਲ |
| **(**ਸ) ਅੰਨਾ ਹਜ਼ਾਰੇ | (ਸ) ਅੰਮ੍ਰਿਤਾ ਦੇਵੀ |

| | |
|---|---|
| **5) (ੳ)** ਸੂਰਜੀ ਸੈੱਲ | (ੳ) ਗਰਮ ਚਿਮਨੀ |
| **(ਅ)** ਕੋਲਾ | (ਅ) ਰਤਨ ਜੋਤ |
| **(ੲ)** ਜੈਵ ਡੀਜ਼ਲ | (ੲ) ਪਥਰਾਟ ਬਾਲਣ |
| **(ਸ)** ਸੂਰਜੀ ਚਿਮਨੀ | (ਸ) ਨਵਿਆਉਣਯੋਗ ਊਰਜਾ ਸ੍ਰੋਤ |

**V. ਪ੍ਰਸ਼ਨ- ਉੱਤਰ:**

1) ਖਪਤ ਦੇ ਤਿੰਨ ਪ੍ਰਭਾਵ ਲਿਖੋ ।
2) ਟਿਕਾਊ ਵਿਕਾਸ ਕਿਹੜੇ ਸਿਧਾਂਤ ਦੀ ਮਹੱਤਤਾ ਨੂੰ ਦਰਸਾਉਂਦਾ ਹੈ?
3) ਜੀਵਨ ਦੀ ਗੁਣਵੱਤਾ ਵਿੱਚ ਬਾਧਕ ਤਿੰਨ ਤੱਤ ਕਿਹੜੇ ਹਨ,
4) ਜੀਵਨ ਦੀ ਗੁਣਵੱਤਾ ਨੂੰ ਸੁਧਾਰਨ ਲਈ ਕੋਈ ਤਿੰਨ ਤੱਤ ਲਿਖੋ ।
5) ਟਿਕਾਊ ਵਿਕਾਸ ਨਾਲ ਇੱਕੋ ਸਮੇ ਕਿਹੜੇ ਤਿੰਨ ਉਦੇਸ਼ਾਂ ਦੀ ਪ੍ਰਾਪਤੀ ਹੁੰਦੀ ਹੈ?
6) ਹੇਠ ਲਿਖਿਆਂ ਦੇ ਪੂਰੇ ਨਾਂ ਲਿਖੋ: 1. UNDP 2. GNP 3. PPP
7) ਏਜੰਡਾ-21 ਕੀ ਹੈ?
8) ਢੁੱਕਵੀ ਤਕਨੀਕ ਦਾ ਕੀ ਅਰਥ ਹੈ?
9) ਸ਼ਹਿਰੀਕਰਨ ਤੋ ਕੀ ਭਾਵ ਹੈ?
10) ਟਿਕਾਊ ਵਿਕਾਸ ਲਈ ਮਨੁੱਖੀ ਪਹੁੰਚ ਤੋ ਕੀ ਭਾਵ ਹੈ?
11) ਹੇਠ ਲਿਖਿਆਂ ਦੇ ਪੂਰੇ ਨਾਂ ਲਿਖੋ 1. NCEP 2. CSO 3. CFL
12) ਟਿਕਾਊ ਵਿਕਾਸ ਲਈ ਭਾਰਤ ਅੱਜ ਕਿਹੜੀਆਂ ਤਿੰਨ ਮੁੱਖ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ?
13) ਸਮੁਦਾਇਕ ਤੌਰ ਤੇ ਕਿਹੜੇ ਕਾਰਜ ਟਿਕਾਊ ਵਿਕਾਸ ਦਾ ਅਧਾਰ ਬਣ ਸਕਦੇ ਹਨ ?
14) ਚਿਪਕੋ ਅੰਦੋਲਨ ਬਾਰੇ ਸੰਖੇਪ ਵਿੱਚ ਲਿਖੋ ।
15) ਨਰਮਦਾ ਪ੍ਰਾਜੈਕਟ ਦਾ ਵਿਰੋਧ ਕਿਹਨਾਂ ਵਾਤਾਵਰਣੀ ਪ੍ਰੇਮੀਆਂ ਨੇ ਕਦੋ ਕੀਤਾ?
16) ਹੇਠ ਲਿਖਿਆਂ ਦੇ ਪੂਰੇ ਨਾਂ ਲਿਖੋ: 1. CPCB 2. UNEP 3. SACEP
17) ਆਪਣੇ ਖੇਤਰ ਦੇ ਵਿਕਾਸ ਵਿੱਚ ਤੁਸੀ ਕੀ ਭੂਮਿਕਾ ਨਿਭਾ ਸਕਦੇ ਹੋ?
18) ਇੱਕ ਸਾਧਾਰਨ ਵਿਅਕਤੀ ਟਿਕਾਊ ਵਿਕਾਸ ਵਿੱਚ ਕੀ ਯੋਗਦਾਨ ਪਾ ਸਕਦਾ ਹੈ?
19) ਝੋਨੇ ਦੀ ਨਾੜ ਨੂੰ ਤੂੜੀ ਬਣਾਉਣ ਲਈ ਕਿਉ ਨਹੀ ਵਰਤਿਆ ਜਾ ਸਕਦਾ?
20) ਝੋਨੇ ਦੀ ਪਰਾਲੀ ਦੀ ਵਰਤੋ ਕਿਨ੍ਹਾਂ ਕੰਮਾਂ ਲਈ ਕੀਤੀ ਜਾਂਦੀ ਹੈ?
21) ਕੁਝ ਨਸ਼ੀਲੇ ਪਦਾਰਥਾਂ ਦੇ ਨਾਂ ਲਿਖੋ ।
22) ਅਲਕੋਹਲ ਦੇ ਮਾੜੇ ਪ੍ਰਭਾਵ ਲਿਖੋ ।

23) ਤੰਬਾਕੂ ਦੇ ਮਾੜੇ ਪ੍ਰਭਾਵ ਲਿਖੋ ।
24) ਕੋਕੇਨ ਦੇ ਮਾੜੇ ਪ੍ਰਭਾਵ ਲਿਖੋ ।

# <u>ਉੱਤਰ ਕੁੰਜੀ</u>

**I. ਸਹੀ ਵਿਕਲਪ ਚੁਣੋ**

**1.** (ੲ) **Gross National Product**
**2.** (ਸ) ਉਪਰੋਕਤ ਸਾਰੀਆਂ
**3.** (ੲ) ਕੋਲਾ
**4.** (ੳ) ਮੀਥੇਨ
**5.** (ਅ) ਸੰਪੀੜਤ ਕੁਦਰਤੀ ਗੈਸ
**6.** (ਅ) ਕਲੋਰੋਫਲੋਰੋ ਕਾਰਬਨ
**7.** (ੲ) **1730**
**8.** (ਅ) ਤਾਜ ਮਹੱਲ
**9.** (ਸ) ਉਪਰੋਕਤ ਸਾਰੇ
**10.** (ੳ) ਬਾਇਓਗੈਸ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

1. **(✓)**
2. **(✓)**
3. **(×)**
4. **(×)**
5. **(×)**
6. **(×)**
7. **(×)**
8. **(×)**
9. **(×)**
10. **(×)**

**III. ਖਾਲੀ ਸਥਾਨ ਭਰੋ**:

(**1) 3 E** **(2)** ਸਮਾਜਿਕ ਮਿਲਵਰਤਨ (**3) 2004** **(4)** ਜੰਗਲ

**(5)** ਖਪਤ ਦੀ ਬਣਤਰ (**6)** ਏਜੰਡਾ-**21** **(7)** ਸੰਪੀੜਤ ਕੁਦਰਤੀ ਗੈਸ

(**8)** ਪਥਰਾਟ **(9)** ਕਿਓਟੋ ਪ੍ਰੋਟੋਕਾਲ (**10)** ਮਾਂਟਰੀਅਲ ਪ੍ਰੋਟੋਕਾਲ

**IV. ਸਹੀ ਮਿਲਾਨ ਕਰੋ:**

1. ਉੱਤਰ:- ( ੳ - ੲ, ਅ -ਸ, ੲ -ਅ, ਸ-ੳ )
2. ਉੱਤਰ:- ( ੳ - ਅ, ਅ -ਸ, ੲ -ੳ, ਸ-ੲ )
3. ਉੱਤਰ:- ( ੳ - ਅ, ਅ -ੳ, ੲ -ਸ, ਸ-ੲ )
4. ਉੱਤਰ:- ( ੳ - ੲ, ਅ -ੳ, ੲ -ਸ, ਸ-ਅ )
5. ਉੱਤਰ:- ( ੳ - ਸ, ਅ -ੲ, ੲ -ਅ, ਸ-ੳ)

# Unit-IV

**I. ਸਹੀ ਵਿਕਲਪ ਚੁਣੋ**

**1)** ਭਾਰਤ ਵਿੱਚ ਤੱਕ ਅਨਾਜ ਉਤਪਾਦਨ ਵਿੱਚ ਚਾਰ ਗੁਣਾ ਵਾਧਾ ਹੋਇਆ ਹੈ।

**(**ੳ) **1965 ਤੋਂ 2010** (ਅ) **1960 ਤੋਂ 2005**

**(**ੲ) **1961 ਤੋਂ 2006** (ਸ) **1966 ਤੋਂ 2007**

**2)** ਪੌਦਿਆਂ ਨੂੰ **NPK** ਤੋਂ ਵੱਧ ਹੋਰ ਵੀ ਤੱਤ ਚਾਹੀਦੇ ਹਨ-

(ੳ) ਜਿੰਕ, ਲੋਹਾ, ਪਾਰਾ (ਅ) ਸੋਨਾ, ਚਾਂਦੀ, ਤਾਂਬਾ

(ੲ) ਸੋਨਾ, ਲੋਹਾ, ਪਾਰਾ (ਸ) ਜਿੰਕ, ਸਲਫਰ, ਲੋਹਾ

**3)** ਸੰਸਾਰ ਦੀ ਸਭ ਤੋਂ ਸਸਤੀ ਅਤੇ ਵਧੀਆ ਖਾਦ ..............ਹੈ।

(ੳ) ਯੂਰੀਆ (ਅ) ਐਨ.ਪੀ. ਕੇ (ੲ) ਗੋਬਰ (ਸ) ਕੰਪੋਸਟ

**4)** ਫਸਲਾਂ ਦੀ ਸਿੰਚਾਈ ਸੰਬੰਧੀ ਜਰੂਰਤਾ .............. ਤੇ ਨਿਰਭਰ ਕਰਦੀ ਹੈ।

(ੳ) ਫਸਲ ਦੀ ਕਿਸਮ (ਅ) ਭੂਮੀ ਦੀ ਕਿਸਮ

(ੲ) ਉਪਰੋਕਤ ਸਾਰੇ

**5)** ਸਿੰਚਾਈ ਦੀ ਵੱਖ-ਵੱਖ ਕਿਸਮਾਂ ਦੇ ਨਾਂ ਹਨ

**(**ੳ) ਖਾਲ ਸਿੰਚਾਈ **(**ਅ) ਹੜ੍ਹ ਸਿੰਚਾਈ

**(**ੲ) ਫੁਹਾਰਾ ਸਿੰਚਾਈ **(**ਸ) ਉਪਰੋਕਤ ਸਾਰੇ

**6)** ਦੋ ਜਾਂ ਦੋ ਤੋਂ ਵੱਧ ਫਸਲਾਂ ਨੂੰ ਇੱਕ ਖੇਤ ਵਿੱਚ ਕਤਾਰਾਂ ਵਿੱਚ ਇੱਕਠੇ ਲਗਾਉਣ ਨੂੰ ............ ਕਹਿੰਦੇ ਹਨ।

**(**ੳ) ਮਿਸ਼ਰਤ ਫਸਲੀ **(**ਅ) ਅੰਤਰ ਫਸਲੀ

**(**ੲ) ਫਸਲਾਂ ਦੀ ਅਦਲਾ ਬਦਲੀ **(**ਸ) ਉਪਰੋਕਤ ਕੋਈ ਨਹੀਂ

**7)** ਖੇਤ ਵਿੱਚ ਉੱਗੇ ਨਦੀਨਾਂ ਨੂੰ ਖਤਮ ਕਰਨ ਲਈ ................ਵਰਤੇ ਜਾਂਦੇ ਹਨ।

**(**ੳ) ਕੀਟ ਨਾਸ਼ਕ **(**ਅ) ਨਦੀਨ ਨਾਸ਼ਕ

**(**ੲ) ਰਸਾਇਣਿਕ ਖਾਦਾਂ **(**ਸ) ਉਪਰੋਕਤ ਕੋਈ ਨਹੀਂ

**8)** ਆਈ.ਪੀ. ਐਮ ਦਾ ਪੂਰਾ ਨਾਂ ...............ਹੈ।

**(**ੳ) ਇੰਟੈਗਰੇਟਿਡ ਪੇਸਟ ਮੈਨਜਮੈਂਟ **(**ਅ) ਇੰਟਗਰੇਟਿਡ ਪਸ਼ੂ ਮੈਨਜਮੈਂਟ

**(**ੲ) ਇੰਡਸਟਰੀਅਲ ਪੀੜਕ ਮੈਨਜਮੈਂਟ **(**ਸ) ਉਪਰੋਕਤ ਸਾਰੇ

**9)** ਫਲ ਅਤੇ ਸਬਜੀਆਂ ਵਿੱਚੋਂ ਪਾਣੀ ਹਟਾਉਣ ਨੂੰ ................ਕਿਹਾ ਜਾਂਦਾ ਹੈ।

**(**ੳ) ਪਾਸਚਰੀਕਰਨ **(**ਅ) ਧੁੱਪ ਵਿੱਚ ਸੁਕਾਉਣਾ

**(**ੲ) ਡੱਬਾ ਬੰਦੀ **(**ਸ) ਖਮੀਰੀਕਰਣ

**10)** ਕੌਫੀ ਦੇ ਬੀਜ ਸੁਕਾ ਕੇ, **..............**ਤੋਂ ਬਾਅਦ ਕੌਫੀ ਪਾਊਡਰ ਮਿਲਦਾ ਹੈ।

**(**ੳ) ਪਾਸਚਰੀਕਰਨ **(**ਅ) ਖਮੀਰੀਕਰਣ

**(**ੲ) ਡੱਬਾ ਬੰਦੀ **(**ਸ) ਧੁੱਪੇ ਸੁਕਾਉਣ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

**1)** ਨਮਕ ਤੇ ਚੀਨੀ ਮਿਲਾ ਕੇ ਭੋਜਨ ਨੂੰ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ।

**2)** ਭੋਜਨ ਦੀ ਸਾਂਭ ਸੰਭਾਲ ਬਹੁਤ ਜ਼ਰੂਰੀ ਹੈ।

**3)** ਭਾਰਤ ਵਿੱਚ ਸਿੰਚਾਈ ਦਾ ਮੁੱਖ ਸੋਤ ਵਰਖਾ ਹੈ।

**4)** ਹਰੇ ਇਨਕਲਾਬ ਵਜੋਂ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਿਆ।

**5)** ਆਰਗੈਨਿਕ ਖੇਤੀ ਵਿੱਚ ਕੋਈ ਵੀ ਰਸਾਇਣਿਕ ਪਦਾਰਥ ਨਹੀਂ ਵਰਤਿਆ ਜਾਂਦਾ।

**6)** ਯੂਰੀਆ ਇੱਕ ਨਾਈਟ੍ਰੋਜਨੀ ਰਸਾਇਣਿਕ ਖਾਦ ਹੈ।

**7)** ਦੇਸੀ ਖਾਦਾਂ ਦੀ ਵਰਤੋਂ ਨਾਲ ਵਾਤਾਵਰਣ ਦਾ ਪ੍ਰਦੂਸ਼ਣ ਹੁੰਦਾ ਹੈ।

**8)** ਰਸਾਇਣਿਕ ਖਾਦਾਂ ਦੀ ਵਰਤੋਂ ਨਾਲ ਪਾਣੀ ਦਾ ਪ੍ਰਦੂਸ਼ਣ ਹੁੰਦਾ ਹੈ।

**9)** ਸੂਖਮ ਜੀਵਾਂ ਨੂੰ ਜੈਵਿਕ ਖਾਦ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।

**10)** ਟਿਕਾਊ ਖੇਤੀ ਕੁਦਰਤੀ ਸ੍ਰੋਤਾਂ ਨੂੰ ਨਸ਼ਟ ਕਰਦੀ ਹੈ ।

**III. ਖਾਲੀ ਸਥਾਨ ਭਰੋ:**

**1.** ਸਾਰੇ ਜੀਵਾਂ ਦੇ ਜਿਉਂਦੇ ਰਹਿਣ ਲਈ ਮੁੱਢਲੀ ਜ਼ਰੂਰਤ ਹੈ। (ਭੋਜਨ/ਆਵਾਸ)

**2. NPK** ਦਾ ਪੂਰਾ ਨਾਂ............... ਹੈ।

(ਨਾਈਟ੍ਰੋਜਨ, ਪੋਟਾਸ਼ੀਅਮ ਕੈਲਸ਼ੀਅਮ/ਨਾਈਟ੍ਰੋਜਨ ਫਾਸਫੋਰਸ ਪੋਟਾਸ਼ੀਅਮ)

**3.** ਧਰਤੀ ਦੀ ਪੇਪੜੀ ਦੀ ਸਭ ਤੋਂ ਉਪਰਲੀ ਤਹਿ ਨੂੰ ............... ਕਹਿੰਦੇ ਹਨ। (ਭੂਮੀ/ਕੋਰ)

**4.** ਉਹ ਧਰਤੀ ਜਿੱਥੇ ਪੌਦੇ ਉਗਾਏ ਜਾਂਦੇ ਹਨ ਨੂੰ ............... ਕਹਿੰਦੇ ਹਨ। (ਖੇਤੀਬਾੜੀ/ਖੇਤ)

**5.** ਕਿਸੇ ਖੇਤ ਵਿੱਚ ਉਗਾਏ ਜਾਣ ਵਾਲੇ ਪੌਦਿਆਂ ਨੂੰ .............ਕਹਿੰਦੇ ਹਨ। (ਜੰਗਲੀ ਪੌਦੇ/ਫਸਲੀ ਪੌਦੇ)

**6.** ਕਿਹੜੀ ਫਸਲ ਨੂੰ ਲਗਾਤਾਰ ਪਾਣੀ ਦੀ ਸਪਲਾਈ ਦੀ ਜ਼ਰੂਰਤ ਹੁੰਦੀ ਹੈ। (ਕਣਕ/ ਝੋਨਾ)

**7.** ਰਸਾਇਣਿਕ ਪਦਾਰਥਾਂ ਤੋਂ ਤਿਆਰ ਕੀਤੀ ਖਾਦ ਨੂੰ ਕਹਿੰਦੇ ਹਨ। (ਕੰਪੋਸਟ/ਰਸਾਇਣਿਕ ਖਾਦ)

**8. .................**ਇੱਕ ਵਧੀਆ ਕੁਦਰਤੀ ਪੀੜਕਨਾਸ਼ੀ ਹੈ। (ਨਿੰਮ/ਜਾਮਣ)

**9.** ਦੁੱਧ ਦੇ ਉਤਪਾਦ .............ਵਿਧੀ ਰਾਹੀਂ ਪ੍ਰਾਪਤ ਹੁੰਦੇ ਹਨ। (ਪਾਸਚਰੀਕਰਨ / ਖਮੀਰੀਕਰਣ)

**10.** ਸੰਸਾਰ ਦੀ ਸਭ ਤੋਂ ਸਸਤੀ ਅਤੇ ਵਧੀਆ ਖਾਦ ................ ਹੈ। (ਯੂਰੀਆ / ਗੋਬਰ)

**IV. ਸਹੀ ਮਿਲਾਨ ਕਰੋ:**

**1.** (ੳ) ਮੁੱਖ ਫਸਲ ਦੇ ਨਾਲ-ਨਾਲ ਪਸ਼ੂ ਪਾਲਣ ਕਰਨ — (ੳ) ਫਸਲਾਂ ਦੀ ਅਦਲਾ ਬਦਲੀ

(ਅ) ਵੱਖ-ਵੱਖ ਫਸਲਾਂ ਨੂੰ ਇੱਕੋ ਸਮੇਂ ਖੇਤ ਵਿੱਚ ਲਗਾਉਣਾ — (ਅ) ਮਿਸ਼ਰਤ ਖੇਤੀ

(ੲ) ਫਸਲਾਂ ਨੂੰ ਬਦਲ-ਬਦਲ ਕੇ ਲਗਾਉਣਾ — (ੲ) ਮਿਸ਼ਰਤ ਫਸਲੀ

**2.** (ੳ) ਮਿਸ਼ਰਤ ਖਾਦ — (ੳ) ਯੂਰੀਆ

(ਅ) ਫਾਸਫੇਟ ਖਾਦ — (ਅ) ਐਨ.ਪੀ.ਕੇ .

(ੲ) ਨਾਈਟ੍ਰੋਜਨੀ ਖਾਦ — (ੲ) ਪੋਟਾਸ਼ੀਅਮ ਨਾਈਟ੍ਰੇਟ

(ਸ) ਪੋਟਾਸ਼ੀਅਮ ਖਾਦ — (ਸ) ਸੁਪਰਫਾਸਫੇਟ

**3.** (ੳ) ਰੋਗਜਣਕ ਸੂਖਮਜੀਵਾਂ ਦੇ ਕਾਰਨ ਮੇਜਬਾਨ ਪੌਦੇ ਦੀ ਮੌਤ — (ੳ) ਵਿਲਟ

(ਅ) ਰੋਗਜਣਕ ਸੂਖਮਜੀਵਾਂ ਦੇ ਹਮਲੇ ਕਾਰਨ ਪੌਦੇ ਦਾ ਜਲ ਜਾਣਾ — (ਅ) ਨੈਕਰੋਸਿਸ

(ੲ) ਪੂਰੇ ਪੌਦੇ ਦਾ ਪਾਣੀ ਦੀ ਕਮੀ ਕਾਰਨ ਮੁਰਝਾ ਜਾਣਾ — (ੲ) ਝੁਲਸ ਰੋਗ

**V. 3 ਅੰਕਾਂ ਵਾਲੇ ਪ੍ਰਸ਼ਨ**

1) ਵੱਖ-ਵੱਖ ਖੇਤੀ ਪੱਧਤੀਆਂ ਦੇ ਨਾਂ ਦੱਸੋ।

**2)** ਯੂਟਰੋਫੀਕੇਸ਼ਨ ਤੋ ਕੀ ਭਾਵ ਹੈ।

3) ਜੈਵਿਕ ਵਧਾਅ ਕੀ ਹੈ?

4) ਭਾਰਤ ਵਿੱਚ ਵਰਖਾ ਤੋ ਇਲਾਵਾ ਸਿੰਚਾਈ ਪ੍ਰਬੰਧਾਂ ਦੇ ਨਾਂ ਦੱਸੋ।

5) ਫਸਲਾਂ ਲਈ ਸਿੰਚਾਈ ਦੀ ਮਹੱਤਤਾ ਤੇ ਨੋਟ ਲਿਖੋ।
6) ਦੇਸੀ ਖਾਦ ਅਤੇ ਬਣਾਉਟੀ ਖਾਦ ਵਿੱਚ ਕੀ ਅੰਤਰ ਹੈ?
7) ਭੋਜਨ ਪਦਾਰਥਾਂ ਅਤੇ ਦਾਣਿਆਂ ਨੂੰ ਸਟੋਰ ਕਰਨ ਲਈ ਸਟੋਰ ਘਰ ਦੇ ਕੀ ਲੱਛਣ ਹੋਣੇ ਚਾਹੀਦੇ ਹਨ।
8) ਅੰਤਰ ਫਸਲੀ ਅਤੇ ਮਿਸ਼ਰਤ ਫਸਲੀ ਵਿੱਚ ਕੀ ਅੰਤਰ ਹੈ।
9) ਰਸਾਇਣਿਕ ਖਾਦ ਦੇ ਕੀ ਨੁਕਸਾਨ ਹਨ।
10) ਜੈਵਿਕ ਖਾਦਾਂ ਦੇ ਲਾਭ ਲਿਖੋ।
11) ਟਿਕਾਊ ਖੇਤੀ ਲਈ ਵੱਖ-ਵੱਖ ਕਿਸਮਾਂ ਦੀ ਖੇਤੀ ਕਿਵੇ ਲਾਹੇਵੰਦ ਹੈ?
12) ਯੁਟਰੋਫੀਕੇਸ਼ਨ ਕੀ ਹੈ?

**VI. 4 ਅੰਕਾਂ ਵਾਲੇ ਪ੍ਰਸ਼ਨ**

1) ਖੇਤੀ ਰਸਾਇਣਿਕ ਪਦਾਰਥਾਂ ਦੇ ਵਾਤਾਵਰਣ ਉੱਤੇ ਕੀ ਪ੍ਰਭਾਵ ਹਨ?
2) ਭੂਮੀ ਪ੍ਰਦੂਸ਼ਣ ਦੇ ਕੀ ਕਾਰਨ ਹਨ?
3) ਹਰੇ ਇਨਕਲਾਬ ਦੇ ਵਾਤਾਵਰਣ ਉੱਤੇ ਪ੍ਰਭਾਵ ਦੱਸੋ।
4) ਭੋਜਨ ਦੀ ਸਾਂਭ ਸੰਭਾਲ ਦੀ ਵੱਖ-ਵੱਖ ਵਿਧੀਆਂ ਬਾਰੇ ਵਿਸਥਾਰ ਸਹਿਤ ਦੱਸੋ।
5) ਖੇਤੀ ਰਸਾਇਣ ਕੀ ਹਨ। ਇਹਨਾਂ ਦੇ ਵਾਤਾਵਰਣ ਤੇ ਕੀ ਪ੍ਰਭਾਵ ਹਨ।
6) ਭੋਜਨ ਪਦਾਰਥਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਜੈਵਿਕ ਅਤੇ ਅਜੈਵਿਕ ਕਾਰਕਾਂ ਬਾਰੇ ਲਿਖੋ।
7) ਚੰਗੀ ਭੂਮੀ ਦੇ ਕੀ ਲੱਛਣ ਹਨ।
8) ਟਿਕਾਊ ਖੇਤੀਬਾੜੀ ਦੇ ਮੁਢਲੇ ਸਿਧਾਂਤ ਕਿਹੜੇ ਹਨ।
9) ਦੇਸੀ ਖਾਦ ਦੀ ਤਿੰਨ ਕਿਸਮਾਂ ਦੇ ਨਾਂ ਲਿਖੋ।

## ਉੱਤਰ ਕੁੰਜੀ

**I. ਸਹੀ ਵਿਕਲਪ ਚੁਣੋ**

1. (ਅ) **1960 ਤੋਂ 2005**
2. (ੳ) ਜਿੰਕ, ਲੋਹਾ, ਪਾਰਾ
3. (ੲ) ਗੋਬਰ
4. (ੲ) ਉਪਰੋਕਤ ਸਾਰੇ
5. (ਸ) ਉਪਰੋਕਤ ਸਾਰੇ
6. (ਅ) ਅੰਤਰ ਫਸਲੀ
7. (ਅ) ਨਦੀਨ ਨਾਸ਼ਕ
8. (ੳ) ਇੰਟੈਗਰੇਟਿਡ ਪੇਸਟ ਮੈਨਜਮੈਂਟ
9. (ਅ) ਧੁੱਪ ਵਿੱਚ ਸੁਕਾਉਣਾ
10. (ਅ) ਖਮੀਰੀਕਰਣ

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

| | | | |
|---|---|---|---|
| 1. | **(×)** | 6. | **(✓)** |
| 2. | **(✓)** | 7. | **(×)** |
| 3. | **(✓)** | 8. | **(✓)** |
| 4. | **(✓)** | 9. | **(✓)** |
| 5. | **(✓)** | 10. | **(×)** |

**III. ਖਾਲੀ ਸਥਾਨ ਭਰੋ:**

(**1)** ਭੋਜਨ (**2)** ਨਾਈਟ੍ਰੋਜਨ ਫਾਸਫੋਰਸ ਪੋਟਾਸ਼ੀਅਮ (**3)** ਭੂਮੀ **(4)** ਖੇਤ

(**5)** ਫਸਲੀ ਪੌਦੇ (**6)** ਝੋਨਾ (**7)** ਰਸਾਇਣਿਕ ਖਾਦ **(8)** ਨਿੰਮ

(**9)** ਪਾਸਚਰੀਕਰਨ (**10)** ਗੋਬਰ

**IV. ਸਹੀ ਮਿਲਾਨ ਕਰੋ:**

1. ਉੱਤਰ:- ( ੳ - ਅ, ਅ -ੲ, ੲ -ੳ, )
2. ਉੱਤਰ:- ( ੳ - ਅ, ਅ -ਸ, ੲ -ੳ, ਸ-ੲ )
3. ਉੱਤਰ:- ( ੳ - ਅ, ਅ -ੲ, ੲ -ੳ, )

## UNIT- 5

**I. ਸਹੀ ਵਿਕਲਪ ਚੁਣੋ**

**1.** ਹੇਠ ਲਿਖਿਆਂ ਵਿਚੋਂ ਕਿਹੜਾ ਪਥਰਾਟ ਬਾਲਣ ਨਹੀਂ ਹੈ?

**(**ੳ) ਕੋਲਾ (ਅ) ਪੈਟਰੋਲ (ੲ) ਕੁਦਰਤੀ ਗੈਸ (ਸ) ਲੱਕੜ

**2.** ਜਨਮ ਕੰਟਰੋਲ ਦੀ ਕੁਦਰਤੀ ਵਿਧੀ ਕਿਹੜੀ ਹੈ?

**(**ੳ) ਗੋਲੀਆਂ (ਅ) ਬਾਹਰੀ ਖਲਾਸਨ

(ੲ) ਨਿਰੋਧ (ਸ) **IUCD**

**3. AD 2010** ਵਿੱਚ ਸੰਸਾਰ ਦੀ ਅਨੁਮਾਨਿਤ ਜਨਸੰਖਿਆ ਹੈ?

(ੳ) **5** ਮਿਲੀਅਨ (ਅ) **8** ਬਿਲੀਅਨ (ੲ) **500** ਮਿਲੀਅਨ (ਸ) **1** ਮਿਲੀਅਨ

**4. ......DDT** ਕੀ ਹੈ?

(ੳ) ਜੈਵ-ਕੀਟਨਾਸ਼ਕ (ਅ) ਬਣਾਉਟੀ ਕੀਟਨਾਸ਼ਕ

(ੲ) ਕੁਦਰਤੀ ਖਾਦ (ਸ) ਪ੍ਰਤੀਜੈਵਿਕ ਦਵਾਈ

**5. CFC** ਦਾ ਪੂਰਾ ਨਾਂ ਕੀ ਹੈ?

(ੳ) ਕਲੋਰੋਫਲੋਰੋ ਕਾਰਬਨ (ਅ) ਫਲੋਰੋ ਕਲੋਰੋ ਕਾਰਬਨ

(ੲ) ਕਾਰਬਨ ਫਲੋਰੋ ਕਾਰਬਨ (ਸ) ਕਲੋਰੋ ਕਾਰਬਨ ਫਲੋਰੋ

**6.** $SO_2$ ਅਤੇ $NO_2$ ਦੀ ਪਾਣੀ ਨਾਲ ਕਿਰਿਆ ਕਿਹੜਾ ਤੇਜ਼ਾਬ ਪੈਦਾ ਕਰਦੀ ਹੈ।

(ੳ) ਸਲਫਿਊਰਿਕ ਤੇਜ਼ਾਬ (ਅ) ਐਸਿਟਿਕ ਐਸਿਡ

(ੲ) ਨਾਈਟ੍ਰਿਕ ਤੇਜ਼ਾਬ (ਸ) ੳ ਅਤੇ ੲ ਦੋਵੇਂ

**7.** ਸੜਕਾਂ ਦੇ ਕਿਨਾਰੇ ਰੁੱਖ ਲਗਾਉਣੇ ਚਾਹੀਦੇ ਹਨ। ਜੋ ਸ਼ੋਰ ਪ੍ਰਦੂਸ਼ਣ ਨੂੰ ਘੱਟ ਕਰ ਸਕਣ, ਇਸਨੂੰ ........... ਕਹਿੰਦੇ ਹਨ?

(ੳ) ਗ੍ਰੀਨ ਹਾਊਸ (ਅ) ਗ੍ਰੀਨ ਸਫਰ (ੲ) ਗ੍ਰੀਨ ਬਫਰ (ਸ) ਗਲੋਬਲ ਵਾਰਮਿੰਗ

**8.** ਵਰਮੀਕੰਪੋਸਟਿੰਗ ਕਿਸ ਜੀਵ ਦੀ ਮਦਦ ਨਾਲ ਕੀਤੀ ਜਾਂਦੀ ਹੈ?

(ੳ) ਕੀੜੇ ਮਕੌੜਿਆਂ ਰਾਹੀਂ (ਅ) ਸੂਖਮ ਜੀਵਾਂ ਰਾਹੀਂ

(ੲ) ਗੰਡੋਇਆਂ ਰਾਹੀਂ (ਸ) ਫਲਾਂ ਤੇ ਸਬਜ਼ੀਆਂ ਦੇ ਛਿਲਕਿਆਂ ਰਾਹੀਂ

**9.** ਇਹਨਾਂ ਵਿੱਚੋਂ ਕਿਹੜੀਆਂ ਚੀਜ਼ਾਂ ਦਾ ਵਿਘਟਨ ਹੋ ਸਕਦਾ ਹੈ?

(ੳ) ਪਲਾਸਟਿਕ (ਅ) ਤੇਲ (ੲ) ਫਲਾਂ ਤੇ ਸਬਜ਼ੀਆਂ ਦੇ ਛਿਲਕੇ (ਸ) ਖਾਦਾਂ

**10.** ਜੁਆਇੰਟ ਫੋਰੈਸਟ ਮੈਨੇਜਮੈਂਟ ਕਦੋਂ ਸ਼ੁਰੂ ਕੀਤੀ ਗਈ?

**(ੳ) 1975** **(ਅ) 1980** **(ੲ) 1990** **(ਸ)1992**

**III. ਖਾਲੀ ਸਥਾਨ ਭਰੋ:**

1. ਕੋਕ ਵਿੱਚ ਕਾਰਬਨ ਦੀ ਮਾਤਰਾ ................ ਤੱਕ ਹੁੰਦੀ ਹੈ।
2. ਤਾਜ਼ੇ ਪਾਣੀ ਦੇ ਸ੍ਰੋਤ ............... ਹਨ।
3. ਮਨੁੱਖੀ ਜਨ-ਸੰਖਿਆ ਦੇ ਅੰਕੜਾ ਅਧਿਐਨ ਜਿਵੇਂ ਕਿ ਲਿੰਗ ਅਨੁਪਾਤ ਜਨਮ ਅਤੇ ਮੌਤ ਦਰ ਆਦਿ ਨੂੰ ................... ਕਹਿੰਦੇ ਹਨ।
4. .............. ਵਕਰ ਵਿੱਚ ਜਨ-ਸੰਖਿਆ ਵਿੱਚ ਲਗਾਤਾਰ ਵਾਧਾ ਹੁੰਦਾ ਹੈ।
5. ਆਬਾਦੀ ਵੱਧਣ ਨਾਲ ਕੁਦਰਤੀ ............ ਦੀ ਵਰਤੋਂ ਵਧੀ।
6. ਅੱਜ ਦਾ ਮਨੁੱਖ...............ਦੀ ਨੀਤੀ ਵਰਤ ਰਿਹਾ ਹੈ।
7. .............ਗੈਸ ਇੱਕ ਜ਼ਹਿਰੀਲੀ ਗੈਸ ਹੈ ਜੋ ਸਾਹ ਲੈਣ ਵਿੱਚ ਮੁਸ਼ਕਿਲ ਪੈਦਾ ਕਰਦੀ ਹੈ।
8. ..............ਅਤੇ................. ਗੈਸਾਂ ਤੇਜ਼ਾਬੀ ਵਰਖਾ ਲਈ ਜ਼ਿੰਮੇਵਾਰ ਹਨ।
9. .............ਕਾਰਣ ਚਿੜਚਿੜਾਪਣ ਅਤੇ ਸਿਰ ਦਰਦ ਹੁੰਦਾ ਹੈ।
10. ਪਲਾਸਟਿਕ ਦਾ ਪੂਰਨ-ਚੱਕਰ............. ਹੈ।
11. ਗੰਗਾ ਦਰਿਆ ..................ਨਾਂ ਦੇ ਗਲੇਸ਼ੀਅਰ ਤੋਂ ਨਿਕਲਦਾ ਹੈ।

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

1. ਕੋਲੇ ਦੇ ਮੁਕਾਬਲੇ ਕੋਕ ਦਾ ਕੈਲੋਰੀ ਮੁੱਲ ਵੱਧ ਹੁੰਦਾ ਹੈ।
2. ਕੋਲਾ ਬਲਦੇ ਸਮੇਂ ਧੂੰਆਂ ਪੈਦਾ ਨਹੀਂ ਕਰਦਾ।
3. ਸੂਰਜੀ ਊਰਜਾ, ਪੌਣ ਊਰਜਾ, ਊਰਜਾ ਦੇ ਪਰੰਪਰਾਗਤ ਸੋਮੇ ਹਨ।
4. ਸੰਤੁਲਿਤ ਭੋਜਨ ਨਾ ਮਿਲਣ ਕਾਰਨ ਕੁਪੋਸ਼ਣ ਹੋ ਜਾਂਦਾ ਹੈ।
5. ਜਨ ਸੰਖਿਆ ਵਾਧੇ ਦੀ ਵਕਰ ਰੇਖਾ ਦੋ ਪ੍ਰਕਾਰ ਦੀ ਹੁੰਦੀ ਹੈ।
6. CNG ਪੈਟਰੋਲ ਅਤੇ ਡੀਜ਼ਲ ਨਾਲੋਂ ਘੱਟ ਪ੍ਰਦੂਸ਼ਨ ਕਰਦੀ ਹੈ।
7. ਪਾਲੀਥੀਨ ਲਿਫਾਫਿਆਂ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ ਹੈ।
8. ਓਜ਼ੋਨ ਪੱਟੀ ਦੇ ਨਸ਼ਟ ਹੋਣ ਦਾ ਕਾਰਨ CFC ਹੈ।

9. ਸ਼ੋਰ ਇਕ ਸੁਖਦਾਇਕ ਆਵਾਜ਼ ਹੈ ਅਤੇ ਜੋ ਵਾਯੂਮੰਡਲ ਵਿੱਚ ਛੱਡ ਦਿੱਤੀ ਜਾਂਦੀ ਹੈ।

10. ਰਿਹਾਇਸ਼ੀ ਖੇਤਰਾਂ ਵਿੱਚ ਜਨਰੇਟਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

**IV. ਸਹੀ ਮਿਲਾਨ ਕਰੋ:**

| | |
|---|---|
| **1.** (ੳ) ਲੱਕੜ | (ੳ) **3%** |
| (ਅ) ਕੋਲਾ | (ਅ) **97%** |
| (ੲ) ਕੋਕ | (ੲ) ਸਸਤਾ ਬਾਲਣ |
| (ਸ) ਸਮੁੰਦਰੀ ਪਾਣੀ | (ਸ) ਵੱਡੇ ਖੇਤਰ ਦਾ ਬਾਲਣ |
| (ਹ) ਤਾਜ਼ਾ ਪਾਣੀ | (ਹ) ਸਵੱਛ ਬਾਲਣ |

| | |
|---|---|
| **2.** (ੳ) ਜਨਮ ਕੰਟਰੋਲ ਦੀ ਵਿਧੀ | (ੳ) **j** ਆਕਾਰ |
| (ਅ) ਮਿਸ਼ਰਤ ਜਨ-ਸੰਖਿਆ | (ਅ) ਡਾਇਆਫਰਮ |
| (ੲ) ਵਕਰ ਰੇਖਾ | (ੲ) ਜਨਮ ਅਤੇ ਮੌਤ ਦਰ ਬਰਾਬਰ ਹੋਣਾ |
| (ਸ) ਸਿਫਰ ਜਨ-ਸੰਖਿਆ ਵਾਧਾ | (ਸ) ਜਨ-ਸੰਖਿਆ ਦੀ ਕਿਸਮ |

| | |
|---|---|
| **3.** (ੳ) ਕਲੋਰੋ ਫਲੋਰੋ ਕਾਰਬਨ | (ੳ) ਕੰਪਰੈਸਡ ਨੈਚੁਰਲ ਗੈਸ |
| (ਅ) **CNG** | (ਅ) ਸੂਰਜੀ ਉਰਜਾ |
| (ੲ) ਸੋਲਰ ਚੁਲ੍ਹਾ | (ੲ) ਓਜ਼ੋਨ ਪੱਟੀ ਦਾ ਨਸ਼ਟ ਹੋਣਾ |
| (ਸ) ਗੋਬਰ, ਪੌਦਿਆਂ ਅਤੇ ਜੰਤੂਆਂ ਦੀ ਰਹਿੰਦ ਖੂੰਹਦ | (ਸ) ਕੀਟਨਾਸ਼ਕ |
| (ਹ) **DDT** | (ਹ) ਕੁਦਰਤੀ ਖਾਦ |

| | |
|---|---|
| **4. (**ੳ) ਪਰਾਬੈਂਗਣੀ ਵਿਕਿਰਣਾਂ | (ੳ) ਭੂਮੀ ਪ੍ਰਦੂਸ਼ਣ |
| **(**ਅ) ਹਵਾਈ ਜਹਾਜ਼ | (ਅ) ਹਵਾ ਪ੍ਰਦੂਸ਼ਣ |
| **(**ੲ) ਕੀਟਨਾਸ਼ਕ | (ੲ) ਪਾਣੀ ਪ੍ਰਦੂਸ਼ਣ |
| **(**ਸ) ਉਦਯੋਗਾਂ ਦੇ ਵਿਅਰਥ | (ਸ) ਵਿਕਿਰਣ ਪ੍ਰਦੂਸ਼ਣ |
| **(**ਹ) ਜ਼ਹਿਰੀਲੀਆਂ ਗੈਸਾਂ | (ਹ) ਸ਼ੋਰ ਪ੍ਰਦੂਸ਼ਣ |

| | |
|---|---|
| **5. (**ੳ) ਉਦਯੋਗਿਕ | (ੳ) ਕੰਪੋਸਟ |
| **(**ਅ) ਸਬਜ਼ੀਆਂ ਦੇ ਛਿਲਕੇ | (ਅ) ਗੰਡੋਈਆਂ ਤੋਂ ਖਾਦ |
| **(**ੲ) ਵਰਮੀਕੰਪੋਸਟਿੰਗ | (ੲ) ਗੱਤਾ |
| **(**ਸ) ਗੰਨਾ | (ਸ) ਬਾਲਣ |
| **(**ਹ) ਮੂੰਗਫਲੀ ਦੇ ਛਿਲਕੇ | (ਹ) ਉਤਪਾਦਨ |

| | |
|---|---|
| **6. (**ੳ) ਗੰਗੋਤਰੀ | (ੳ) ਫੋਰੈਸਟ ਪਰੋਟੈਕਸ਼ਨ ਕਮੇਟੀ |
| **(**ਅ) ਪਾਣੀ ਦੀ ਗੁਣਵੱਤਾ | (ਅ) ਸੋਸ਼ਲ ਫੋਰੈਸਟਰੀ |
| **(**ੲ) ਪੇਂਡੂ ਸਮੁਦਾਇ | (ੲ) ਭੋਂ-ਖੋਰ ਘੱਟਣਾ |
| **(**ਸ) ਪਰਿਸਥਿਤਿਕ ਸੰਤੁਲਨ ਕਾਇਮ ਕਰਨਾ | (ਸ) ਪਾਣੀ ਦੀ **pH** |
| **(**ਹ) ਵਣ-ਮਹੋਤਸਵ | (ਹ) ਗਲੇਸ਼ੀਅਰ |

## V. ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ **1.** ਵਧਦੀ ਜਨਸੰਖਿਆ ਦਾ ਭੂਮੀ ਤਾਂ ਉੱਪਰ ਕੀ ਪ੍ਰਭਾਵ ਪੈ ਰਿਹਾ ਹੈ? ਸਮਝਾਓ।

ਪ੍ਰਸ਼ਨ **2.** ਦਰਖ਼ਤ ਉਗਾਉਣ ਵਿੱਚ ਵਿਦਿਆਰਥੀ ਦਾ ਕੀ ਯੋਗਦਾਨ ਪਾਇਆ ਜਾਂਦਾ ਹੈ?

ਪ੍ਰਸਨ **3.** ਚਿਪਕੋ ਅੰਦੋਲਨ ਤੋਂ ਕੀ ਭਾਵ ਹੈ? ਇਸਦੇ ਮੁੱਖ ਲੱਛਣ ਦੱਸੋ।

ਪ੍ਰਸਨ **4.** ਗੰਗਾ ਅੰਦੋਲਨ ਪਲੈਨ ਬਾਰੇ ਤੁਸੀਂ ਕੀ ਜਾਣਦੇ ਹੋ?

ਪ੍ਰਸ਼ਨ **5.** ਟਾਈਗਰ ਪ੍ਰੋਜੈਕਟ ਦੀ ਮਹੱਤਤਾ ਬਾਰੇ ਦੱਸੋ।

ਪ੍ਰਸ਼ਨ **6.** ਸਾਈਲੈਂਟ ਘਾਟੀ ਪ੍ਰੋਜੈਕਟ ਕੀ ਹੈ? ਇਸਤੇ ਕਿਉਂ ਇਤਰਾਜ਼ ਕੀਤਾ ਗਿਆ ਹੈ?

## ਉੱਤਰ ਕੁੰਜੀ

**I. ਸਹੀ ਵਿਕਲਪ ਚੁਣੋ**

1. (ਸ) ਲੱਕੜ
2. (ਅ) ਬਾਹਰੀ ਖਲਾਸਨ
3. (ਅ) **8** ਬਿਲੀਅਨ
4. (ਅ) ਬਣਾਉਟੀ ਕੀਟਨਾਸ਼ਕ
5. (ੳ) ਕਲੋਰੋਫਲੋਰੋ ਕਾਰਬਨ
6. (ਸ) ੳ ਅਤੇ ਅ ਦੋਵੇਂ
7. (ੲ) ਗ੍ਰੀਨ ਬਫਰ
8. (ੲ) ਗੰਡੋਇਆਂ ਰਾਹੀਂ
9. (ੲ) ਫਲਾਂ ਤੇ ਸਬਜ਼ੀਆਂ ਦੇ ਛਿਲਕੇ
10. (ੲ) **1990**

**II. ਸਹੀ ਤੇ ਠੀਕ (✓) ਦਾ ਅਤੇ ਗਲਤ ਤੇ (×) ਦਾ ਨਿਸ਼ਾਨ ਲਗਾਓ।**

| | |
|---|---|
| 1. ✓ | 6. ✓ |
| 2. × | 7. × |
| 3. ✓ | 8. ✓ |
| 4. ✓ | 9. × |
| 5 ✓ | 10. ✓ |

**III. ਖਾਲੀ ਸਥਾਨ ਭਰੋ**:

(**1) 98%** **(2)** ਛੱਪੜ ਅਤੇ ਦਰਿਆ **(3)** ਡੈਮੋਗ੍ਰਾਫੀ **(4)** J-ਆਕਾਰ

**(5)** ਸ੍ਰੋਤਾਂ (**6)** ਵਰਤੋਂ ਅਤੇ ਸੁੱਟ **(7)** ਕਾਰਬਨ ਮੋਨੋਆਕਸਾਈਡ

(**8)** ਸਲਫਰ ਡਾਇਆਕਸਾਈਡ **(9)** ਸ਼ੋਰ ਪ੍ਰਦੂਸ਼ਣ (**10)** ਅਸੰਭਵ (**11)** ਗੰਗੋਤਰੀ

**IV. ਸਹੀ ਮਿਲਾਨ ਕਰੋ:**

1. ਉੱਤਰ:- ( ੳ - ੲ, ਅ -ਸ, ੲ -ਹ, ਸ-ਅ, ਹ-ੳ )
2. ਉੱਤਰ:- ( ੳ-ਅ, ਅ-ਸ, ੲ-ੳ, ਸ-ੲ )
3. ਉੱਤਰ:- ( ੳ-ੲ, ਅ-ੳ, ੲ-ਅ, ਸ-ਹ, ਹ-ਸ )
4. ਉੱਤਰ:- ( ੳ-ਸ, ਅ-ਹ, ੲ-ੳ, ਸ-ੲ, ਹ-ਅ )
5. ਉੱਤਰ:- ( ੳ-ਹ, ਅ-ੳ, ੲ-ਅ, ਸ-ੲ, ਹ-ਸ )
6. ਉੱਤਰ:- ( ੳ-ਹ, ਅ-ਸ, ੲ-ੳ, ਸ-ਅ, ਹ-ੲ )